## PART-A

1. ਹੇਠ ਲਿਖੇ ਪੰਜਾਬੀ ਮਹੀਨਿਆਂ ਨੂੰ ਉਨ੍ਹਾਂ ਦੇ ਕ੍ਰਮ-ਅੰਕ ਨਾਲ ਮਿਲਾਓ: 1. ਚੇਤ 2. ਹਾੜ੍ਹ 3. ਕੱਤਕ 4. ਮਾਘ — a. ਚੌਥਾ b. ਅੱਠਵਾਂ c. ਪਹਿਲਾ d. ਗਿਆਰਵਾਂ

   (A) 1-c, 2-a, 3-b, 4-d (B) 1-a, 2-c, 3-d, 4-b (C) 1-c, 2-b, 3-a, 4-d (D) 1-d, 2-a, 3-b, 4-c

2. 6385 ਨੂੰ ਗੁਰਮੁਖੀ ਅੰਕਾਂ ਵਿੱਚ ________ ਲਿਖਿਆ ਜਾਵੇਗਾ ।

   (A) ੬੩੫੮ (B) ੬੩੮੫ (C) ੬੮੩੫ (D) ੬੫੩੮

3. ਹੇਠ ਲਿਖਿਆਂ ਵਿੱਚੋਂ ਕਿਹੜਾ ਪੰਜਾਬੀ ਦੀ ਧੁਨੀ-ਵਿਉਂਤ ਬਾਰੇ ਸਹੀ ਕਥਨ ਹੈ ?

   (A) ਪੰਜਾਬੀ ਵਿੱਚ ਕੇਵਲ ਸਵਰ ਧੁਨੀਆਂ ਹੀ ਮਹੱਤਵਪੂਰਨ ਹਨ।

   (B) ਪੰਜਾਬੀ ਵਿੱਚ ਸਵਰ ਅਤੇ ਵਿਅੰਜਨ ਦੋਵੇਂ ਧੁਨੀ-ਪ੍ਰਣਾਲੀ ਦੇ ਮਹੱਤਵਪੂਰਨ ਅੰਗ ਹਨ।

   (C) ਪੰਜਾਬੀ ਵਿੱਚ ਵਿਅੰਜਨ ਧੁਨੀਆਂ ਦੀ ਕੋਈ ਸ਼੍ਰੇਣੀਬੰਦੀ ਨਹੀਂ ਹੈ।

   (D) ਪੰਜਾਬੀ ਵਿੱਚ ਨਾਸਕੀ ਧੁਨੀਆਂ ਨਹੀਂ ਹਨ।

4. ਹੇਠ ਲਿਖਿਆਂ ਵਿੱਚੋਂ ਕਿਹੜਾ ਸਮੂਹ ਕ੍ਰਮਵਾਰ ਅਲਪਪ੍ਰਾਣ ਅਤੇ ਮਹਾਂਪ੍ਰਾਣ ਵਿਅੰਜਨਾਂ ਨੂੰ ਦਰਸਾਉਂਦਾ ਹੈ ?

   (A) ਕ – ਖ (B) ਖ – ਗ (C) ਘ – ਕ (D) ਛ – ਜ

5. ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਪੰਜਾਬੀ ਦੇ ਪੱਛਮੀ ਅਤੇ ਪੂਰਬੀ ਉਪਭਾਸ਼ਾਈ ਖੇਤਰਾਂ ਦੇ ਸੰਦਰਭ ਵਿੱਚ ਵਧੇਰੇ ਉਚਿਤ ਹੈ ?

   (A) ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਧੁਨੀ ਅਤੇ ਸ਼ਬਦਾਵਲੀ ਪੱਖੋਂ ਬਿਲਕੁਲ ਇੱਕੋ ਜਿਹੀਆਂ ਹਨ।

   (B) ਪੰਜਾਬੀ ਦੇ ਉਪਭਾਸ਼ਾਈ ਰੂਪਾਂ ਵਿੱਚ ਧੁਨੀ, ਸ਼ਬਦਾਵਲੀ ਅਤੇ ਵਿਆਕਰਨਿਕ ਵਰਤੋਂ ਦੇ ਅੰਤਰ ਮਿਲਦੇ ਹਨ।

   (C) ਪੰਜਾਬੀ ਵਿੱਚ ਕੋਈ ਉਪਭਾਸ਼ਾਈ ਵਿਭਿੰਨਤਾ ਨਹੀਂ ਹੈ।

   (D) ਉਪਭਾਸ਼ਾ ਅਤੇ ਮਿਆਰੀ ਭਾਸ਼ਾ ਵਿੱਚ ਕੋਈ ਅੰਤਰ ਨਹੀਂ ਹੁੰਦਾ।

6. ਸਿੱਖ ਮਿਸਲਾਂ ਦੇ ਉਭਾਰ ਦਾ ਇਤਿਹਾਸਕ ਪਿਛੋਕੜ ਮੁੱਖ ਤੌਰ ਤੇ ਕਿਸ ਸਦੀ ਨਾਲ ਸੰਬੰਧਿਤ ਹੈ ?

   (A) 15ਵੀਂ ਸਦੀ (B) 16ਵੀਂ ਸਦੀ (C) 18ਵੀਂ ਸਦੀ (D) 19ਵੀਂ ਸਦੀ ਦੇ ਅੰਤ ਨਾਲ

7. ਪਹਿਲਾ ਐਂਗਲੋ-ਸਿੱਖ ਯੁੱਧ ਹੇਠ ਲਿਖਿਆਂ ਵਿੱਚੋਂ ਕਿਸ ਸਮੇਂ ਹੋਇਆ ?

   (A) 1839–40 (B) 1845–46 (C) 1848–49 (D) 1857–58

8. ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਮੇਲਾ–ਸਥਾਨ–ਸੱਭਿਆਚਾਰਕ ਸੰਦਰਭ ਨੂੰ ਸਹੀ ਜੋੜਦਾ ਹੈ ?

   (A) ਮਾਘੀ ਮੇਲਾ - ਮੁਕਤਸਰ - ਚਾਲੀ ਮੁਕਤਿਆਂ ਦੀ ਯਾਦ (B) ਹੋਲਾ ਮਹੱਲਾ - ਮੁਕਤਸਰ - ਚਾਲੀ ਮੁਕਤੇ

   (C) ਛਪਾਰ ਮੇਲਾ - ਆਨੰਦਪੁਰ ਸਾਹਿਬ - ਮਾਰਸ਼ਲ ਪਰੰਪਰਾ (D) ਪ੍ਰੋ. ਮੋਹਨ ਸਿੰਘ ਮੇਲਾ - ਮੁਕਤਸਰ - ਖੇਤੀਬਾੜੀ ਪਰੰਪਰਾ

9. ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਗਹਿਣਿਆਂ ਦੇ ਸਥਾਨ ਅਨੁਸਾਰ ਗਲ਼ਤ ਸਮੂਹ ਬਣਾਉਂਦਾ ਹੈ ?

   (A) ਨੱਥ, ਕੋਕਾ, ਤੀਲੀ (B) ਸੱਗੀ-ਫੁੱਲ, ਟਿੱਕਾ (C) ਪਾਜੇਬ, ਝਾਂਜਰ, ਬਿਛੂਏ (D) ਬਾਜ਼ੂਬੰਦ, ਪਾਜੇਬ, ਕੰਗਣ

10. ਪੰਜਾਬੀ ਪਰੰਪਰਾਗਤ ਗਹਿਣਿਆਂ ਦੇ ਸੰਦਰਭ ਵਿੱਚ ਹੇਠ ਲਿਖੇ ਕਥਨਾਂ ਤੇ ਵਿਚਾਰ ਕਰੋ :

    1. ਸੱਗੀ ਪੰਜਾਬੀ ਇਸਤਰੀ ਦੇ ਸਿਰ ਨਾਲ ਸੰਬੰਧਿਤ ਗਹਿਣਿਆਂ ਦੀ ਇੱਕ ਸ਼੍ਰੇਣੀ ਹੈ।
    2. ਸੱਗੀ ਦੇ ਵੱਖ-ਵੱਖ ਰੂਪਾਂ ਨੂੰ ਉਨ੍ਹਾਂ ਦੀ ਬਣਤਰ ਜਾਂ ਸਜਾਵਟ ਅਨੁਸਾਰ ਵੱਖਰੇ ਨਾਂ ਮਿਲਦੇ ਹਨ।
    3. ਸੱਗੀ-ਫੁੱਲ ਦਾ ਸੰਬੰਧ ਸਿਰ ਦੇ ਸ਼ਿੰਗਾਰ ਨਾਲ ਹੈ।
    4. ਸੱਗੀ-ਫੁੱਲ ਮੁੱਖ ਤੌਰ ਤੇ ਪੈਰ ਵਿੱਚ ਪਹਿਨਿਆ ਜਾਣ ਵਾਲਾ ਗਹਿਣਾ ਹੈ। ਸਹੀ ਵਿਕਲਪ ਚੁਣੋ :

    (A) 1 ਅਤੇ 2 (B) 1, 2 ਅਤੇ 3 (C) 2, 3 ਅਤੇ 4 (D) 1, 2, 3 ਅਤੇ 4

11. ਹੇਠਾਂ ਦਿੱਤੇ ਚਾਰ ਵਿਕਲਪਾਂ ਵਿੱਚੋਂ ਕਿਸ ਵਾਕ ਵਿੱਚ ਪਦਾਰਥ-ਵਾਚਕ ਨਾਂਵ ਮੌਜੂਦ ਨਹੀਂ ਹੈ ?

    (A) ਦੁਕਾਨਦਾਰ ਨੇ ਤੇਲ ਕੇ ਦੋ ਕਿੱਲੋ ਤੇਲ ਦਿੱਤਾ। (B) ਉਸ ਨੇ ਮੰਡੀ ਵਿੱਚੋਂ ਚਾਰ ਬੋਰੀਆਂ ਕਣਕ ਖ਼ਰੀਦੀ।

    (C) ਵਿਦਿਆਰਥੀਆਂ ਨੇ ਸਭਾ ਵਿੱਚ ਸ਼ਾਨਦਾਰ ਭਾਸ਼ਣ ਦਿੱਤਾ। (D) ਸੁਨਿਆਰੇ ਨੇ ਸ਼ੁੱਧ ਚਾਂਦੀ ਦਾ ਗਹਿਣਾ ਤਿਆਰ ਕੀਤਾ।

12. ਵਾਕ "ਸਾਡੇ ਅਧਿਆਪਕ ਜੀ ਸਦਾ ਸੱਚ ਦਾ ਸਾਥ ਦਿੰਦੇ ਹਨ" ਵਿੱਚ 'ਸੱਚ' ਸ਼ਬਦ ਵਿਆਕਰਨਿਕ ਪੱਖੋਂ ਕੀ ਹੈ ?

    (A) ਗੁਣ-ਵਾਚਕ ਵਿਸ਼ੇਸ਼ਣ (B) ਭਾਵ-ਵਾਚਕ ਨਾਂਵ (C) ਅਕਰਮਕ ਕਿਰਿਆ (D) ਸੰਬੰਧਕੀ ਪੜਨਾਂਵ

13. ਹੇਠਾਂ ਦਿੱਤੇ ਚਾਰ ਵਾਕਾਂ ਦਾ ਵਿਸ਼ਲੇਸ਼ਣ ਕਰੋ ਅਤੇ ਪਤਾ ਲਗਾਓ ਕਿ ਕਿਸ ਵਾਕ ਵਿੱਚ 'ਇਹ' ਸ਼ਬਦ ਨਿਸ਼ਚੇ-ਵਾਚਕ ਪੜਨਾਂਵ ਵਜੋਂ ਆਇਆ ਹੈ, ਨਾ ਕਿ ਪੜਨਾਂਵੀ ਵਿਸ਼ੇਸ਼ਣ ਵਜੋਂ :

    (A) ਇਹ ਕਿਤਾਬ ਮੇਜ਼ ਉੱਤੇ ਰੱਖ ਦਿਓ। (B) ਇਹ ਲੜਕਾ ਬਹੁਤ ਹੁਸ਼ਿਆਰ ਹੈ।

    (C) ਇਹ ਮੇਰਾ ਘਰ ਨਹੀਂ, ਉਹ ਹੈ। (D) ਇਹ ਘੋੜਾ ਬਹੁਤ ਤੇਜ਼ ਦੌੜਦਾ ਹੈ।

14. ਹੇਠ ਲਿਖਿਆਂ ਵਿੱਚੋਂ ਕਿਹੜੇ ਮਹੀਨੇ ਚੇਤ ਅਤੇ ਹਾੜ੍ਹ ਦੇ ਵਿਚਕਾਰ ਆਉਂਦੇ ਹਨ ?

    (A) ਜੇਠ, ਭਾਦੋਂ (B) ਸਾਉਣ, ਭਾਦੋਂ (C) ਵੈਸਾਖ ਅਤੇ ਜੇਠ (D) ਭਾਦੋਂ, ਅੱਸੂ

15. ਹੇਠ ਲਿਖਿਆਂ ਵਿੱਚੋਂ ਕਿਸ ਵਾਕ ਵਿੱਚ ਅਕਰਮਕ ਕਿਰਿਆ ਵਰਤੀ ਗਈ ਹੈ ?

    (A) ਮਾਲੀ ਨੇ ਬੂਟੇ ਨੂੰ ਪਾਣੀ ਦਿੱਤਾ। (B) ਬੱਚੇ ਨੇ ਗੇਂਦ ਸੁੱਟੀ। (C) ਪੰਛੀ ਅਚਾਨਕ ਉੱਡ ਗਿਆ। (D) ਉਸ ਨੇ ਕਿਤਾਬ ਪੜ੍ਹੀ।

16. 'ਬੱਚੇ ਨੇ ਕਹਾਣੀ ਸੁਣ ਲਈ ਹੈ।' ਵਾਕ ਵਿੱਚ ਮੁੱਖ ਕਿਰਿਆ ਕਿਹੜੀ ਹੈ ?

(A) ਸੁਣ (B) ਲਈ (C) ਹੈ (D) ਸੁਣ ਲਈ

17. ਹੇਠ ਲਿਖਿਆਂ ਵਿੱਚੋਂ ਕਿਸ ਵਾਕ ਵਿੱਚ ਕਾਲਵਾਚਕ ਕਿਰਿਆ-ਵਿਸ਼ੇਸ਼ਣ ਨਹੀਂ ਹੈ ?

(A) ਉਹ ਹੁਣ ਘਰ ਹੈ। (B) ਉਹ ਕੱਲ੍ਹ ਆਇਆ ਸੀ। (C) ਉਹ ਉੱਥੇ ਬੈਠਾ ਹੈ। (D) ਉਹ ਅਕਸਰ ਸਵੇਰੇ ਸੈਰ ਕਰਦਾ ਹੈ।

18. ਹੇਠ ਲਿਖੇ ਵਾਕ ਵਿੱਚ ਸਥਾਨਵਾਚਕ ਕਿਰਿਆ-ਵਿਸ਼ੇਸ਼ਣ ਕਿਹੜਾ ਹੈ? "ਜਿੱਥੇ ਤੁਸੀਂ ਖੜ੍ਹੇ ਹੋ, ਉੱਥੇ ਹੀ ਮੈਂ ਵੀ ਖੜ੍ਹਾ ਰਹਾਂਗਾ।"

(A) ਜਿੱਥੇ (B) ਉੱਥੇ (C) ਹੀ (D) ਦੋਵੇਂ (A) ਅਤੇ (B)

19. ਹੇਠ ਲਿਖੇ ਵਾਕ ਵਿੱਚ ਕਿਹੜੇ ਸ਼ਬਦ ਕ੍ਰਮਵਾਰ ਸੰਕੇਤਵਾਚਕ, ਗੁਣਵਾਚਕ, ਸੰਖਿਆਵਾਚਕ ਅਤੇ ਗੁਣਵਾਚਕ ਵਿਸ਼ੇਸ਼ਣ ਹਨ? "ਇਸ ਪੁਰਾਣੀ ਇਮਾਰਤ ਦੇ ਦੋ ਵੱਡੇ ਕਮਰੇ ਹਨ।"

(A) ਇਸ, ਪੁਰਾਣੀ, ਦੋ, ਵੱਡੇ (B) ਪੁਰਾਣੀ, ਇਸ, ਦੋ, ਕਮਰੇ (C) ਇਸ, ਦੋ, ਪੁਰਾਣੀ, ਵੱਡੇ (D) ਦੋ, ਇਸ, ਵੱਡੇ, ਪੁਰਾਣੀ

20. ਹੇਠ ਲਿਖਿਆਂ ਵਿੱਚੋਂ ਕਿਸ ਵਾਕ ਵਿੱਚ 'ਇਹ' ਵਿਸ਼ੇਸ਼ਣ ਵਜੋਂ ਵਰਤਿਆ ਗਿਆ ਹੈ ?

(A) ਇਹ ਮੇਰਾ ਹੈ। (B) ਇਹ ਵਿਦਿਆਰਥੀ ਮੇਰਾ ਭਰਾ ਹੈ। (C) ਇਹ ਕੌਣ ਹੈ? (D) ਇਹ ਉਹੀ ਹੈ ਜਿਸ ਦੀ ਤੁਸੀਂ ਗੱਲ ਕੀਤੀ ਸੀ।

21. ਗੁਰੂ ਨਾਨਕ ਦੇਵ ਜੀ ਦੇ ਸਮਾਜਕ ਸੰਦੇਸ਼ ਦੇ ਸੰਧਰਭ ਵਿੱਚ ਸਭ ਤੋਂ ਉਚਿਤ ਕਥਨ ਕਿਹੜਾ ਹੈ ?

(A) ਜਾਤ-ਭੇਦ ਤੋਂ ਉਪਰ ਮਨੁੱਖੀ ਸਮਾਨਤਾ

(B) ਵਰਣ-ਆਧਾਰਿਤ ਧਾਰਮਿਕ ਪਵਿੱਤਰਤਾ ਦੀ ਰੱਖਿਆ

(C) ਸੰਨਿਆਸ-ਆਧਾਰਿਤ ਮੁਕਤੀ ਦਾ ਇਕਮਾਤ੍ਰ ਮਾਰਗ

(D) ਰਸਮੀ ਤੀਰਥਾਂ ਨਾਲ ਹੀ ਆਤਮਿਕ ਸ਼ੁੱਧਤਾ

22. ਕਥਨ I: ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਨਿਰਾਕਾਰ ਅਤੇ ਸਰਬਵਿਆਪੀ ਪ੍ਰਭੂ ਦੀ ਸਿਫ਼ਤ ਸਾਲਾਹ ਹੈ। ਕਥਨ II: ਗੁਰੂ ਨਾਨਕ ਦੇਵ ਜੀ ਨੇ ਨਿਰਰਥਕ ਰਸਮਾਂ ਨੂੰ ਮੁਕਤੀ ਦਾ ਨਿਸ਼ਚਿਤ ਮਾਰਗ ਮੰਨਿਆ। ਸਹੀ ਵਿਕਲਪ ਚੁਣੋ :

(A) ਕੇਵਲ ਕਥਨ I ਸਹੀ ਹੈ (B) ਕੇਵਲ ਕਥਨ II ਸਹੀ ਹੈ (C) ਦੋਵੇਂ ਕਥਨ ਸਹੀ ਹਨ (D) ਦੋਵੇਂ ਕਥਨ ਗਲਤ ਹਨ

23. ਕਥਨ I: ਸਿੱਖ ਗੁਰੂ-ਪਰੰਪਰਾ ਨੇ ਸਥਾਨਕ ਗੀਤ, ਲੋਕ-ਭਾਸ਼ਾ ਅਤੇ ਭਗਤੀਕ ਰੂਪਾਂ ਨੂੰ ਨਵੇਂ ਅਰਥ ਦਿੱਤੇ। ਕਥਨ II: ਇਸ ਪਰੰਪਰਾ ਨੇ ਸਮੂਹਕ ਭਾਗੀਦਾਰੀ ਨੂੰ ਘਟਾਇਆ। ਸਹੀ ਵਿਕਲਪ ਚੁਣੋ :

(A) ਕੇਵਲ ਕਥਨ I ਸਹੀ ਹੈ (B) ਕੇਵਲ ਕਥਨ II ਸਹੀ ਹੈ (C) ਦੋਵੇਂ ਕਥਨ ਸਹੀ ਹਨ (D) ਦੋਵੇਂ ਕਥਨ ਗਲਤ ਹਨ

24. ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੇ ਯੋਗਦਾਨ ਨੂੰ ਜੋੜ ਕੇ ਵੇਖਿਆਂ ਕਿਹੜਾ ਕਥਨ ਸਭ ਤੋਂ ਵੱਧ ਉਚਿਤ ਹੈ?

(A) ਪਹਿਲੇ ਗੁਰੂ ਨੇ ਸਿੱਖ ਵਿਚਾਰਧਾਰਾ ਦਾ ਆਧਾਰ ਦਿੱਤਾ ਅਤੇ ਦੂਜੇ ਗੁਰੂ ਨੇ ਉਸ ਨੂੰ ਲਿਪੀ, ਸਿੱਖਿਆ ਅਤੇ ਸੰਸਥਾਗਤ ਅਭਿਆਸ ਨਾਲ ਮਜ਼ਬੂਤ ਕੀਤਾ।

(B) ਪਹਿਲੇ ਗੁਰੂ ਨੇ ਗੁਰਮੁਖੀ ਲਿਪੀ ਬਣਾਈ ਅਤੇ ਦੂਜੇ ਗੁਰੂ ਨੇ ਉਦਾਸੀਆਂ ਕੀਤੀਆਂ।

(C) ਦੋਵਾਂ ਗੁਰੂਆਂ ਦਾ ਮੁੱਖ ਯੋਗਦਾਨ ਸਿਰਫ਼ ਰਾਜਨੀਤਿਕ ਸੀ।

(D) ਦੂਜੇ ਗੁਰੂ ਨੇ ਪਹਿਲੇ ਗੁਰੂ ਦੀ ਵਿਚਾਰਧਾਰਾ ਉੱਪਰ ਕਈ ਪ੍ਰਸੰਗਿਕ ਸਵਾਲ ਖੜ੍ਹੇ ਕੀਤੇ।

25. ਗੁਰੂ ਰਾਮ ਦਾਸ ਜੀ ਦਾ ਪਹਿਲਾ ਨਾਮ ਕੀ ਸੀ ?

(A) ਭਾਈ ਲਹਿਣਾ ਜੀ (B) ਭਾਈ ਜੇਠਾ ਜੀ (C) ਭਾਈ ਅਰਜਨ ਮਲ (D) ਭਾਈ ਤਿਆਗ ਮਲ

26. ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਵਿਚਕਾਰ ਸਭ ਤੋਂ ਮਹੱਤਵਪੂਰਨ ਸੰਬੰਧ ਕਿਹੜਾ ਹੈ ?

(A) ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮ ਦਾਸ ਜੀ ਦੀ ਸਥਾਪਿਤ ਕੀਤੀ ਆਤਮਿਕ ਵਿਚਾਰ ਪਰੰਪਰਾ ਨੂੰ ਅੱਗੇ ਵਧਾਇਆ।

(B) ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮ ਦਾਸ ਜੀ ਦੀ ਬਾਣੀ ਨੂੰ ਰੱਦ ਕੀਤਾ।

(C) ਦੋਵਾਂ ਨੇ ਵੱਖਰੇ ਧਰਮ ਸਥਾਪਿਤ ਕੀਤੇ।

(D) ਗੁਰੂ ਰਾਮ ਦਾਸ ਜੀ ਨੇ ਆਦਿ ਗ੍ਰੰਥ ਸੰਪਾਦਿਤ ਕੀਤਾ।

27. ਆਦਿ ਗ੍ਰੰਥ ਦੀ ਸੰਪਾਦਨਾ ਵਿੱਚ ਗੁਰੂ ਅਰਜਨ ਦੇਵ ਜੀ ਨੇ ਹੇਠ ਲਿਖੀਆਂ ਸ਼ਖ਼ਸੀਅਤਾਂ ਵਿੱਚੋਂ ਕਿਸ ਦੀ ਬਾਣੀ ਦਰਜ ਨਹੀਂ ਕੀਤੀ ?

(A) ਭਗਤ ਜਲ੍ਹਣ ਜੀ (B) ਭਗਤ ਕਬੀਰ ਜੀ (C) ਭਗਤ ਸੈਣ ਜੀ (D) ਭਗਤ ਪੀਪਾ ਜੀ

28. 1604 ਵਿੱਚ ਆਦਿ ਗ੍ਰੰਥ ਨੂੰ ਹਰਿਮੰਦਰ ਸਾਹਿਬ ਵਿਖੇ ਸਥਾਪਿਤ ਕਰਨ ਤੋਂ ਬਾਅਦ ਪਹਿਲੇ ਗ੍ਰੰਥੀ ਵਜੋਂ ਕਿਸ ਨੂੰ ਨਿਯੁਕਤ ਕੀਤਾ ਗਿਆ ?

(A) ਭਾਈ ਗੁਰਦਾਸ ਜੀ (B) ਬਾਬਾ ਬੁੱਢਾ ਜੀ (C) ਭਾਈ ਬਾਲਾ ਜੀ (D) ਭਾਈ ਮੋਹਨ ਜੀ

29. ਗੁਰੂ ਅਰਜਨ ਦੇਵ ਜੀ ਦੀ ਹੇਠ ਲਿਖਿਆਂ ਵਿੱਚੋਂ ਕਿਸ ਰਾਗ ਵਿੱਚ ਬਾਣੀ ਨਹੀਂ ਮਿਲਦੀ ?

(A) ਸੋਰਠ (B) ਜੈਜੈਵੰਤੀ (C) ਧਨਾਸਰੀ (D) ਭੈਰਉ

30. ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਮਾਤਾ ਸਾਹਿਬ ਕੌਰ ਜੀ ਨੂੰ ਦਿੱਲੀ ਕੌਣ ਲੈ ਕੇ ਗਿਆ ?

(A) ਭਾਈ ਦਇਆ ਸਿੰਘ ਜੀ (B) ਭਾਈ ਧਰਮ ਸਿੰਘ ਜੀ (C) ਭਾਈ ਮਨੀ ਸਿੰਘ ਜੀ (D) ਭਾਈ ਨੰਦ ਲਾਲ ਜੀ

31. ਹੇਠ ਲਿਖੇ ਵਾਕਾਂ ਵਿੱਚ 'ਕੁਝ' ਦੀ ਵਿਆਕਰਨਿਕ ਭੂਮਿਕਾ ਦਾ ਸਹੀ ਵਿਸ਼ਲੇਸ਼ਣ ਕਿਹੜਾ ਹੈ? (i) ਕੁਝ ਵਿਦਿਆਰਥੀ ਅਜੇ ਨਹੀਂ ਆਏ। (ii) ਕੁਝ ਅਜੇ ਨਹੀਂ ਆਏ ।

(A) ਦੋਵਾਂ ਵਿੱਚ ਵਿਸ਼ੇਸ਼ਣ

(B) ਦੋਵਾਂ ਵਿੱਚ ਪੜਨਾਂਵ

(C) (i) ਵਿੱਚ ਵਿਸ਼ੇਸ਼ਣ, (ii) ਵਿੱਚ ਪੜਨਾਂਵ

(D) (i) ਵਿੱਚ ਪੜਨਾਂਵ, (ii) ਵਿੱਚ ਵਿਸ਼ੇਸ਼ਣ

32. ਹੇਠ ਲਿਖੇ ਜੋੜਿਆਂ ਵਿੱਚੋਂ ਕਿਸ ਵਿੱਚ ਅਗੇਤਰ ਲੱਗਣ ਨਾਲ ਮੂਲ ਸ਼ਬਦ ਦੇ ਅਰਥ ਦਾ ਨਕਾਰ ਪੈਦਾ ਹੁੰਦਾ ਹੈ ?

(A) ਮਨੁੱਖ – ਮਨੁੱਖਤਾ (B) ਸਫਲ – ਅਸਫਲ (C) ਧਨ – ਧਨਵਾਨ (D) ਸੁੰਦਰ - ਸੁੰਦਰਤਾ

33. ਹੇਠ ਲਿਖਿਆਂ ਵਿੱਚੋਂ ਕਿਸ ਜੋੜੇ ਵਿੱਚ ਅਗੇਤਰ ਲੱਗਣ ਨਾਲ 'ਰਹਿਤ/ਵਿਹੂਣਾ' ਦਾ ਭਾਵ ਪੈਦਾ ਹੁੰਦਾ ਹੈ ?

(A) ਸੁਗੰਧ (B) ਬੇਦਾਗ਼ (C) ਸੁੰਦਰਤਾ (D) ਮਨੁੱਖਤਾ

34. ਹੇਠ ਲਿਖੇ ਜੋੜਿਆਂ ਵਿੱਚੋਂ ਕਿਸ ਵਿੱਚ ਅਗੇਤਰ ਅਤੇ ਉਸਦੇ ਅਰਥ ਸੰਬੰਧੀ ਅਸੰਗਤੀ ਹੈ ?

(A) (ਬੇ-)- ਅਭਾਵ (B) (ਅ-)- ਨਕਾਰ (C) (ਸੁ-)- ਚੰਗਿਆਈ/ਸ਼ੁਭਤਾ (D) (ਨਿਰ-)- ਬਹੁਤਾਤ

35. "ਅਸਮਰੱਥਤਾ" ਵਿੱਚੋਂ ਮੂਲ ਸ਼ਬਦ ਦੀ ਸਭ ਤੋਂ ਉਚਿਤ ਪਛਾਣ ਕਿਹੜੀ ਹੈ ?

(A) ਅਸਮਰੱਥ (B) ਸਮਰੱਥ (C) ਮਰੱਥ (D) ਸਮਰੱਥਤਾ

36. ਹੇਠ ਦਿੱਤੇ ਗਏ ਵਾਕਾਂ ਵਿਚੋਂ ਵਿਰਾਮ-ਚਿੰਨ੍ਹਾਂ ਪੱਖੋਂ ਕਿਹੜਾ ਵਾਕ ਸਹੀ ਹੈ ?

(A) ਅਧਿਆਪਕ ਨੇ ਕਿਹਾ, "ਵਿਦਿਆਰਥੀਓ ਕੱਲ੍ਹ ਸਮੇਂ ਸਿਰ ਆਉਣਾ"। (B) ਅਧਿਆਪਕ ਨੇ ਕਿਹਾ, "ਵਿਦਿਆਰਥੀਓ, ਕੱਲ੍ਹ ਸਮੇਂ ਸਿਰ ਆਉਣਾ।"

(C) ਅਧਿਆਪਕ ਨੇ ਕਿਹਾ "ਵਿਦਿਆਰਥੀਓ, ਕੱਲ੍ਹ ਸਮੇਂ ਸਿਰ ਆਉਣਾ?" (D) ਅਧਿਆਪਕ ਨੇ ਕਿਹਾ: "ਵਿਦਿਆਰਥੀਓ ਕੱਲ੍ਹ ਸਮੇਂ ਸਿਰ ਆਉਣਾ।"

37. ਹੇਠ ਦਿੱਤੇ ਗਏ ਵਾਕਾਂ ਵਿਚੋਂ ਵਿਰਾਮ-ਚਿੰਨ੍ਹਾਂ ਪੱਖੋਂ ਕਿਹੜਾ ਵਾਕ ਸਹੀ ਹੈ ?

(A) ਰਾਜੂ ਨੇ ਕਿਹਾ, "ਵਾਹ! ਅੱਜ ਤਾਂ ਬਹੁਤ ਸੋਹਣਾ ਮੌਸਮ ਹੈ।" (B) 'ਰਾਜੂ ਨੇ ਕਿਹਾ', "ਵਾਹ, ਅੱਜ ਤਾਂ ਬਹੁਤ ਸੋਹਣਾ ਮੌਸਮ ਹੈ!"

(C) ਰਾਜੂ ਨੇ ਕਿਹਾ,"ਵਾਹ! ਅੱਜ ਤਾਂ ਬਹੁਤ ਸੋਹਣਾ ਮੌਸਮ ਹੈ।" (D) ਰਾਜੂ ਨੇ ਕਿਹਾ: "ਵਾਹ! ਅੱਜ ਤਾਂ ਬਹੁਤ ਸੋਹਣਾ ਮੌਸਮ ਹੈ?"

38. ਹੇਠ ਲਿਖਿਆਂ ਵਿੱਚੋਂ 'Application' ਦਾ ਸ਼ੁੱਧ ਪੰਜਾਬੀ ਲਿਪੀ-ਰੂਪ ਕਿਹੜਾ ਹੈ ?

(A) ਏਪਲੀਕੇਸ਼ਨ (B) ਐਪਲੀਕੇਸ਼ਨ (C) ਅਪਲੀਕੇਸ਼ਨ (D) ਐਪਲਕੇਸਨ

39. ਹੇਠ ਲਿਖਿਆਂ ਵਿੱਚੋਂ 'Department' ਦਾ ਸ਼ੁੱਧ ਪੰਜਾਬੀ ਲਿਪੀ-ਰੂਪ ਕਿਹੜਾ ਹੈ ?

(A) ਡਿਪਾਰਟਮੈਂਟ (B) ਡਿਪਾਰਟਮਿੰਟ (C) ਡੀਪਾਰਟਮੈਂਟ (D) ਡਿਪਾਰਟਮੇਟ

40. ਜੇਠ ਤੋਂ ਠੀਕ ਅਗਲਾ ਮਹੀਨਾ ਕਿਹੜਾ ਆਵੇਗਾ ?

(A) ਭਾਦੋਂ (B) ਸਾਉਣ (C) ਹਾੜ੍ਹ (D) ਵੈਸਾਖ

41. 'ਉੱਦਮੀ' ਸ਼ਬਦ ਦਾ ਸਹੀ ਵਿਰੋਧਾਰਥਕ ਰੂਪ ਕਿਹੜਾ ਹੈ ?

(A) ਆਲਸੀ (B) ਨਿਰਧਨ (C) ਕਮਜ਼ੋਰ (D) ਬੇਵੱਸ

42. 'ਤ੍ਰਿਸ਼ਨਾ' ਸ਼ਬਦ ਦਾ ਸਭ ਤੋਂ ਢੁੱਕਵਾਂ ਵਿਰੋਧਾਰਥਕ ਸ਼ਬਦ ਕਿਹੜਾ ਹੈ ?

(A) ਤ੍ਰਿਪਤੀ (B) ਬੇਚੈਨੀ (C) ਲਾਲਚ (D) ਉਦਾਸੀ

43. 'ਬਿਪਤਾ' ਸ਼ਬਦ ਦਾ ਸਹੀ ਸਮਾਨਾਰਥੀ ਸ਼ਬਦ ਕਿਹੜਾ ਹੈ ?

(A) ਮੁਸੀਬਤ (B) ਗਰੀਬੀ (C) ਬਿਮਾਰੀ (D) ਕਮਜ਼ੋਰੀ

44. ਹੇਠ ਲਿਖਿਆਂ ਵਿੱਚੋਂ 'ਰੰਗੇ ਹੱਥੀਂ ਫੜਨਾ' ਮੁਹਾਵਰੇ ਦੀ ਸਭ ਤੋਂ ਸਹੀ ਵਰਤੋਂ ਕਿਹੜੀ ਹੈ ?

(A) ਚਿੱਤਰਕਾਰ ਨੇ ਰੰਗੇ ਹੱਥੀਂ ਸੁੰਦਰ ਤਸਵੀਰ ਬਣਾਈ। (B) ਮਾਲਕ ਨੇ ਚੋਰੀ ਕਰਦੇ ਨੌਕਰ ਨੂੰ ਰੰਗੇ ਹੱਥੀਂ ਫੜ ਲਿਆ।

(C) ਬੱਚੇ ਨੇ ਰੰਗੇ ਹੱਥੀਂ ਆਪਣੀ ਕਾਪੀ ਸਜਾਈ। (D) ਕਲਾਕਾਰ ਨੇ ਰੰਗੇ ਹੱਥੀਂ ਮੰਚ ਤੇ ਪ੍ਰਵੇਸ਼ ਕੀਤਾ।

45. ਹੇਠ ਲਿਖਿਆਂ ਵਿੱਚੋਂ ਕਿਹੜਾ ਜੋੜਾ ਅਰਥ ਦੀ ਦ੍ਰਿਸ਼ਟੀ ਤੋਂ ਸਹੀ ਹੈ ?

(A) ਹੱਥ ਖੜ੍ਹੇ ਕਰਨਾ - ਬਹੁਤ ਖੁਸ਼ ਹੋਣਾ (B) ਅੱਖਾਂ ਵਿੱਚ ਰੜਕਣਾ - ਬਹੁਤ ਪਿਆਰਾ ਹੋਣਾ

(C) ਦੰਦਾਂ ਹੇਠ ਉਂਗਲ ਦੇਣਾ - ਹੈਰਾਨ ਰਹਿ ਜਾਣਾ (D) ਨੱਕ ਵਿੱਚ ਦਮ ਕਰਨਾ - ਕਿਸੇ ਦੀ ਪ੍ਰਸ਼ੰਸਾ ਕਰਨੀ

46. ਕਥਨ: "ਉਹ ਆਪਣੀ ਗ਼ਲਤੀ ਲਈ ਮਾਫ਼ੀ ਮੰਗਣ ਦੀ ਥਾਂ ਉਲਟਾ ਉਸ ਵਿਅਕਤੀ ਨੂੰ ਹੀ ਦੋਸ਼ ਦੇਣ ਲੱਗ ਪਿਆ ਜਿਸ ਨਾਲ ਉਸ ਨੇ ਗ਼ਲਤੀ ਕੀਤੀ ਸੀ।" ਇਸ ਸਥਿਤੀ ਲਈ ਕਿਹੜਾ ਮੁਹਾਵਰਾ ਸਭ ਤੋਂ ਢੁਕਵਾਂ ਹੈ ?

(A) ਖਿਸਿਆਣੀ ਬਿੱਲੀ ਖੰਭਾ ਨੋਚੇ (B) ਦੁੱਧ ਦਾ ਦੁੱਧ, ਪਾਣੀ ਦਾ ਪਾਣੀ (C) ਹੱਥ ਮਲਣਾ (D) ਉਲਟਾ ਚੋਰ ਕੋਤਵਾਲ ਨੂੰ ਡਾਂਟੇ

47. ਕਥਨ–I: "ਉਸ ਨੂੰ ਪਹਿਲਾਂ ਹੀ ਪਤਾ ਸੀ ਕਿ ਮੁਕਾਬਲਾ ਬਹੁਤ ਔਖਾ ਹੈ।" ਕਥਨII: "ਫਿਰ ਵੀ ਉਸ ਨੇ ਪੂਰੀ ਤਿਆਰੀ ਕਰਕੇ ਮੁਕਾਬਲੇ ਵਿੱਚ ਹਿੱਸਾ ਲਿਆ।" ਕਥਨ–I ਅਤੇ ਕਥਨ IIਦੇ ਸਾਂਝੇ ਭਾਵ ਨੂੰ ਕਿਹੜਾ ਮੁਹਾਵਰਾ ਸਭ ਤੋਂ ਵਧੀਆ ਪ੍ਰਗਟ ਕਰਦਾ ਹੈ ?

(A) ਕਮਰ ਕੱਸਣਾ (B) ਪਾਣੀ ਪਾਣੀ ਹੋਣਾ (C) ਪੱਲਾ ਝਾੜਨਾ (D) ਮੂੰਹ ਦੀ ਖਾਣੀ

48. ਇਸ ਕਥਨ ਨੂੰ ਧਿਆਨ ਨਾਲ ਪੜ੍ਹੋ: "ਉਸ ਨੇ ਸਾਲਾਂ ਤੱਕ ਆਪਣੇ ਸਾਥੀ ਦੀ ਮਦਦ ਲਈ। ਜਦੋਂ ਸਾਥੀ ਮੁਸੀਬਤ ਵਿੱਚ ਫਸਿਆ ਤਾਂ ਉਸ ਨੇ ਉਸ ਦਾ ਸਾਥ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਸ ਦਾ ਇਸ ਮਾਮਲੇ ਨਾਲ ਕੋਈ ਲੈਣਾ-ਦੇਣਾ ਨਹੀਂ।" ਇਸ ਸਥਿਤੀ ਨੂੰ ਸਭ ਤੋਂ ਸਹੀ ਢੰਗ ਨਾਲ ਕਿਹੜਾ ਮੁਹਾਵਰਾ ਪ੍ਰਗਟ ਕਰਦਾ ਹੈ ?

(A) ਖ਼ੂਨ-ਪਸੀਨਾ ਇੱਕ ਕਰਨਾ (B) ਅੱਖਾਂ ਦਾ ਤਾਰਾ ਹੋਣਾ (C) ਪੱਲਾ ਝਾੜਨਾ (D) ਦੰਦ ਖੱਟੇ ਕਰਨਾ

49. "ਦੋਵੇਂ ਧਿਰਾਂ ਵਿੱਚ ਕਾਫ਼ੀ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਇੱਕ ਧਿਰ ਇਕੱਲੀ ਦੋਸ਼ੀ ਨਹੀਂ ਸੀ; ਦੂਜੀ ਧਿਰ ਦੀ ਵੀ ਬਰਾਬਰ ਦੀ ਭੂਮਿਕਾ ਸੀ।" ਇਸ ਸਥਿਤੀ ਲਈ ਢੁਕਵਾਂ ਅਖਾਣ ਕਿਹੜਾ ਹੈ ?

(A) ਜਿੱਥੇ ਚਾਰ ਭਾਂਡੇ ਹੋਣ, ਖੜਕਾ ਤਾਂ ਹੋਵੇ ਹੀ (B) ਇੱਕ ਹੱਥ ਨਾਲ ਤਾਲੀ ਨਹੀਂ ਵੱਜਦੀ

(C) ਨਵਾਂ ਨੌਂ ਦਿਨ, ਪੁਰਾਣਾ ਸੌ ਦਿਨ (D) ਦੁੱਧ ਦਾ ਜਲਿਆ ਛਾਛ ਵੀ ਫੂਕ-ਫੂਕ ਕੇ ਪੀਂਦਾ ਹੈ

50. ਹੇਠਾਂ ਦਿੱਤੇ ਵਾਕ ਵਿੱਚ ਲਕੀਰੇ ਸ਼ਬਦਾਂ ਦੇ ਕ੍ਰਮਵਾਰ ਨਾਂਵ-ਭੇਦਾਂ ਦੀ ਸਹੀ ਪਛਾਣ ਕਰੋ: "ਜਲੰਧਰ ਵਿੱਚ ਸੋਨੇ ਦੀ ਵਿਕਰੀ ਦੌਰਾਨ ਵੱਡੀ ਭੀੜ ਇਕੱਠੀ ਹੋ ਗਈ।"
(A) ਖ਼ਾਸ ਨਾਂਵ, ਆਮ ਨਾਂਵ, ਸਮੂਹ-ਵਾਚਕ ਨਾਂਵ
(B) ਆਮ ਨਾਂਵ, ਪਦਾਰਥ-ਵਾਚਕ, ਜਾਤੀ-ਵਾਚਕ
(C) ਖ਼ਾਸ ਨਾਂਵ, ਪਦਾਰਥ-ਵਾਚਕ, ਇਕੱਠ-ਵਾਚਕ
(D) ਆਮ ਨਾਂਵ, ਕਿਰਿਆਵੀ ਨਾਂਵ, ਭਾਵ-ਵਾਚਕ ਨਾਂਵ

## PART-B

1. Identify the function of the underlined word: "She decided to brave the roaring blizzard to find her lost dog."
(A) Adverb (B) Noun (C) Adjective (D) Verb

2. Choose the option that correctly completes the sentence: "Either the chief researcher or his assistants ________ present at the symposium yesterday."
(A) was (B) are (C) were (D) is

3. Select the sentence with the correct usage of an adverb :
(A) She spoke soft to avoid waking the sleeping child.
(B) She performed so good during the audition that everyone applauded.
(C) He drove careful through the dense fog on the highway.
(D) The team played exceptionally well during the final match.

4. Bread and butter __________ his favourite breakfast every Sunday.
(A) is (B) have been (C) were (D) are

5. Choose the word that is most nearly SIMILAR in meaning to OBSTREPEROUS :
(A) Submissive (B) Taciturn (C) Diligent (D) Unruly

6. Choose the word that is most nearly OPPOSITE in meaning to EPHEMERAL :
(A) Perpetual (B) Transient (C) Evanescent (D) Fleeting

7. Complete the sentence: "The diplomatic talks collapsed because neither party was willing to ________ on their core demands."
(A) exceed (B) secede (C) accede (D) concede

8. Find the part of the sentence containing a grammatical error: "Scarcely had the teacher entered the classroom (W) / when the students stopped talking (X) / and turned towards their books. (Y) / No Error (Z)"
(A) W (B) X (C) Z (D) Y

9. What is the meaning of the idiom *"To burn the candle at both ends"* ?
(A) To cause conflict between two opposing factions
(B) To waste money recklessly on unnecessary luxuries
(C) To work or exert oneself from early morning until late at night
(D) To destroy evidence to conceal a crime

10. Choose the correct preposition to complete the sentence: "She is thoroughly proficient ________ three foreign languages."
(A) in (B) with (C) about (D) at

11. Convert the following sentence into Indirect Speech :
*She said, "Alas! I have lost my grandmother's ring."*
(A) She cried out that she lost her grandmother's ring.
(B) She exclaimed with sorrow that she had lost her grandmother's ring.
(C) She exclaimed sorrowfully that she has lost her grandmother's ring.
(D) She said with grief that I had lost my grandmother's ring.

12. Convert the following sentence into Passive Voice :
*The board of directors is reviewing the annual financial statement.*
(A) The annual financial statement is being reviewed by the board of directors.
(B) The annual financial statement has been reviewed by the board of directors.
(C) The annual financial statement was being reviewed by the board of directors.
(D) The annual financial statement is reviewed by the board of directors.

13. Rohit said that he was born on 29 February 1900. What birthday will he celebrate in the year 2000 ?
ਰੋਹਿਤ ਨੇ ਕਿਹਾ ਕਿ ਉਸ ਦਾ ਜਨਮ 29 ਫ਼ਰਵਰੀ 1900 ਨੂੰ ਹੋਇਆ ਸੀ। ਸਾਲ 2000 ਵਿੱਚ ਉਹ ਕਿਹੜਾ ਜਨਮ ਦਿਨ ਮਨਾਏਗਾ?
(A) Rohit is lying / ਰੋਹਿਤ ਝੂਠ ਬੋਲ ਰਿਹਾ ਹੈ (B) 25th (C) 99th (D) 100th

14. Find the next term in the series: 3, 4, 10, 33, 136, ? / ਲੜੀ ਵਿੱਚ ਅਗਲਾ ਪਦ ਲੱਭੋ: 3, 4, 10, 33, 136, ?
(A) 820 (B) 695 (C) 680 (D) 685

15. Find the missing numbers in the following figure, following the same pattern as the first two figures. / ਹੇਠ ਦਿੱਤੀ ਆਕ੍ਰਿਤੀ ਵਿੱਚ ਗੁੰਮ ਸੰਖਿਆਵਾਂ ਲੱਭੋ, ਪਹਿਲੀਆਂ ਦੇ ਆਕ੍ਰਿਤੀਆਂ ਵਾਲੇ ਹੀ ਨਮੂਨੇ ਅਨੁਸਾਰ ।

| 29 | | |
|---|---|---|
| 16 | 13 | |
| 27 | 9 | 33 |

| 38 | | |
|---|---|---|
| 21 | 17 | |
| 35 | 16 | 43 |

| 55 | | |
|---|---|---|
| 30 | 25 | |
| ? | ? | ? |

(A) 65, 36, 63 (B) 49, 32, 53 (C) 51, 25, 61 (D) 53, 24, 63

16. In a certain code, 'P + Q' means P is the father of Q; 'P × Q' means P is the brother of Q; 'P − Q' means P is the mother of Q; 'P ÷ Q' means P is the sister of Q. Which of the following correctly describes the relation of A to D in the expression A + B × C − D? / ਇੱਕ ਖ਼ਾਸ ਕੋਡ ਵਿੱਚ, 'P + Q' ਦਾ ਅਰਥ ਹੈ P, Q ਦਾ ਪਿਤਾ ਹੈ; 'P × Q' ਦਾ ਅਰਥ ਹੈ P, Q ਦਾ ਭਰਾ ਹੈ; 'P − Q' ਦਾ ਅਰਥ ਹੈ P, Q ਦੀ ਮਾਤਾ ਹੈ; 'P ÷ Q' ਦਾ ਅਰਥ ਹੈ P, Q ਦੀ ਭੈਣ ਹੈ। ਸਮੀਕਰਨ A + B × C − D ਵਿੱਚ A ਦਾ D ਨਾਲ ਸੰਬੰਧ ਹੇਠ ਲਿਖਿਆਂ ਵਿੱਚੋਂ ਕਿਹੜਾ ਸਹੀ ਦੱਸਦਾ ਹੈ?

(A) Maternal uncle / ਮਾਮਾ
(B) Paternal grandfather / ਦਾਦਾ
(C) Maternal grandfather / ਨਾਨਾ
(D) Father / ਪਿਤਾ

17. How many pairs of letters in the word DREAM have as many letters between them in the word (in either direction) as there are between them in the English alphabet? / DREAM ਸ਼ਬਦ ਵਿੱਚ ਅੱਖਰਾਂ ਦੇ ਕਿੰਨੇ ਜੋੜੇ ਅਜਿਹੇ ਹਨ ਜਿਨ੍ਹਾਂ ਵਿਚਕਾਰ ਸ਼ਬਦ ਵਿੱਚ (ਕਿਸੇ ਵੀ ਦਿਸ਼ਾ ਵਿੱਚ) ਉਨੇ ਹੀ ਅੱਖਰ ਹਨ ਜਿੰਨੇ ਅੰਗਰੇਜ਼ੀ ਵਰਣਮਾਲਾ ਵਿੱਚ ਉਨ੍ਹਾਂ ਵਿਚਕਾਰ ਹਨ?

(A) 1
(B) 3
(C) 2
(D) 0

18. Among 27 identical-looking coins, exactly one is heavier than the rest. Using a two-pan balance without weights, what is the minimum number of weighing that guarantees identifying the heavy coin? / 27 ਇੱਕੋ ਜਿਹੇ ਦਿਸਣ ਵਾਲੇ ਸਿੱਕਿਆਂ ਵਿੱਚੋਂ ਠੀਕ ਇੱਕ ਸਿੱਕਾ ਬਾਕੀਆਂ ਨਾਲੋਂ ਭਾਰਾ ਹੈ। ਵੱਟਿਆਂ ਤੋਂ ਬਿਨਾਂ ਦੋ-ਪਲੜਿਆਂ ਵਾਲੀ ਤੱਕੜੀ ਦੀ ਵਰਤੋਂ ਕਰਕੇ, ਭਾਰੇ ਸਿੱਕੇ ਦੀ ਯਕੀਨੀ ਪਛਾਣ ਲਈ ਘੱਟੋ-ਘੱਟ ਕਿੰਨੀ ਵਾਰ ਤੋਲਣਾ ਪਵੇਗਾ?

(A) 4
(B) 3
(C) 9
(D) 2

19. Two 12-hour clocks, A and B, are set correctly at 12 noon. Clock A gains 2 minutes per day, while clock B loses 3 minutes per day. After how many days will both clocks next show the correct time simultaneously? / ਦੋ 12-ਘੰਟਿਆਂ ਵਾਲੀਆਂ ਘੜੀਆਂ A ਅਤੇ B ਦੁਪਹਿਰ 12 ਵਜੇ ਸਹੀ ਸਮੇਂ 'ਤੇ ਸੈੱਟ ਕੀਤੀਆਂ ਜਾਂਦੀਆਂ ਹਨ। ਘੜੀ A ਪ੍ਰਤੀ ਦਿਨ 2 ਮਿੰਟ ਅੱਗੇ ਹੋ ਜਾਂਦੀ ਹੈ, ਜਦਕਿ ਘੜੀ B ਪ੍ਰਤੀ ਦਿਨ 3 ਮਿੰਟ ਪਿੱਛੇ ਰਹਿ ਜਾਂਦੀ ਹੈ। ਕਿੰਨੇ ਦਿਨਾਂ ਬਾਅਦ ਦੋਵੇਂ ਘੜੀਆਂ ਅਗਲੀ ਵਾਰ ਇੱਕੋ ਸਮੇਂ ਸਹੀ ਸਮਾਂ ਦਿਖਾਉਣਗੀਆਂ?

(A) 720 days
(B) 600 days
(C) 360 days
(D) 240 days

20. The average of 11 numbers is 36. The average of the first six numbers is 34 and the average of the last six numbers is 38. What is the sixth number? / 11 ਸੰਖਿਆਵਾਂ ਦੀ ਔਸਤ 36 ਹੈ। ਪਹਿਲੀਆਂ ਛੇ ਸੰਖਿਆਵਾਂ ਦੀ ਔਸਤ 34 ਹੈ ਅਤੇ ਆਖਰੀ ਛੇ ਸੰਖਿਆਵਾਂ ਦੀ ਔਸਤ 38 ਹੈ। ਛੇਵੀਂ ਸੰਖਿਆ ਕਿਹੜੀ ਹੈ?

(A) 32
(B) 34
(C) 36
(D) 40

21. On an island, knights always tell the truth and knaves always lie. A says, "B is a knave." B says, "A and I are of the same type." What are A and B? / ਇੱਕ ਟਾਪੂ ਉੱਤੇ ਨਾਈਟ ਹਮੇਸ਼ਾ ਸੱਚ ਬੋਲਦੇ ਹਨ ਅਤੇ ਨੇਵ ਹਮੇਸ਼ਾ ਝੂਠ ਬੋਲਦੇ ਹਨ। A ਕਹਿੰਦਾ ਹੈ, "B ਇੱਕ ਨੇਵ ਹੈ।" B ਕਹਿੰਦਾ ਹੈ, "A ਅਤੇ ਮੈਂ ਇੱਕੋ ਕਿਸਮ ਦੇ ਹਾਂ।" A ਅਤੇ B ਕੀ ਹਨ?

(A) Both are knaves. / ਦੋਵੇਂ ਨੇਵ ਹਨ।
(B) A is a knight and B is a knave. / A ਨਾਈਟ ਹੈ ਅਤੇ B ਨੇਵ ਹੈ।
(C) Both are knights. / ਦੋਵੇਂ ਨਾਈਟ ਹਨ।
(D) A is a knave and B is a knight. / A ਨੇਵ ਹੈ ਅਤੇ B ਨਾਈਟ ਹੈ।

22. Consider the statements: "If it rains, the match is cancelled. The match was cancelled." Which conclusion validly follows? / ਕਥਨਾਂ 'ਤੇ ਵਿਚਾਰ ਕਰੋ: "ਜੇ ਮੀਂਹ ਪੈਂਦਾ ਹੈ, ਤਾਂ ਮੈਚ ਰੱਦ ਹੋ ਜਾਂਦਾ ਹੈ। ਮੈਚ ਰੱਦ ਹੋ ਗਿਆ।" ਕਿਹੜਾ ਸਿੱਟਾ ਤਰਕ-ਸੰਗਤ ਢੰਗ ਨਾਲ ਨਿਕਲਦਾ ਹੈ?

(A) No conclusion about whether it rained can be drawn. / ਮੀਂਹ ਪਿਆ ਜਾਂ ਨਹੀਂ, ਇਸ ਬਾਰੇ ਕੋਈ ਸਿੱਟਾ ਨਹੀਂ ਕੱਢਿਆ ਜਾ ਸਕਦਾ।
(B) It must have rained. / ਜ਼ਰੂਰ ਮੀਂਹ ਪਿਆ ਹੋਵੇਗਾ।
(C) It did not rain. / ਮੀਂਹ ਨਹੀਂ ਪਿਆ।
(D) It rained heavily. / ਬਹੁਤ ਜ਼ਿਆਦਾ ਮੀਂਹ ਪਿਆ।

23. On the basis of two figures of dice, what symbol will be on the opposite face of symbol '='? / ਪਾਸਿਆਂ ਦੀਆਂ ਦੇ ਆਕ੍ਰਿਤੀਆਂ ਦੇ ਆਧਾਰ 'ਤੇ, '=' ਚਿੰਨ੍ਹ ਦੇ ਸਾਹਮਣੇ ਵਾਲੇ ਪਾਸੇ ਕਿਹੜਾ ਚਿੰਨ੍ਹ ਹੋਵੇਗਾ?



(i) (ii)

(A) ×
(B) +
(C) ÷
(D) >

24. Statement I: All stars are planets. Statement II: Some planets are moons. / ਕਥਨ I: ਸਾਰੇ ਤਾਰੇ ਗ੍ਰਹਿ ਹਨ। ਕਥਨ II: ਕੁਝ ਗ੍ਰਹਿ ਚੰਨ ਹਨ।
Conclusion I: Some stars are moons. Conclusion II: No star is a moon. / ਸਿੱਟਾ I: ਕੁਝ ਤਾਰੇ ਚੰਨ ਹਨ। ਸਿੱਟਾ II: ਕੋਈ ਵੀ ਤਾਰਾ ਚੰਨ ਨਹੀਂ ਹੈ।

Which of the following is correct? / ਹੇਠ ਲਿਖਿਆਂ ਵਿੱਚੋਂ ਕਿਹੜਾ ਸਹੀ ਹੈ?

(A) Only conclusion I follows / ਕੇਵਲ ਸਿੱਟਾ I ਨਿਕਲਦਾ ਹੈ
(B) Neither I nor II follows / ਨਾ I ਅਤੇ ਨਾ ਹੀ II ਨਿਕਲਦਾ ਹੈ
(C) Only conclusion II follows / ਕੇਵਲ ਸਿੱਟਾ II ਨਿਕਲਦਾ ਹੈ
(D) Either conclusion I or conclusion II follows / ਜਾਂ ਤਾਂ ਸਿੱਟਾ I ਜਾਂ ਸਿੱਟਾ II ਨਿਕਲਦਾ ਹੈ

25. In a certain code language, MONKEY is written as XDJMNL. How will CHAIR be written in the same code? / ਇੱਕ ਖ਼ਾਸ ਕੋਡ ਭਾਸ਼ਾ ਵਿੱਚ, MONKEY ਨੂੰ XDJMNL ਲਿਖਿਆ ਜਾਂਦਾ ਹੈ। ਉਸੇ ਕੋਡ ਵਿੱਚ CHAIR ਨੂੰ ਕਿਵੇਂ ਲਿਖਿਆ ਜਾਵੇਗਾ?

(A) QHZGB
(B) RJBIS
(C) QIZHB
(D) BGZHQ

26. If 'A ± B' means A is the mother of B, 'A - B' means A is the brother of B, 'A × B' means A is the father of B, and 'A ÷ B' means A is the sister of B, which one of the following expressions shows that P is the maternal uncle of Q? / ਜੇਕਰ 'A ∓ B' ਦਾ ਅਰਥ ਹੈ A, B ਦੀ ਮਾਤਾ ਹੈ; 'A - B' ਦਾ ਅਰਥ ਹੈ A, B ਦਾ ਭਰਾ ਹੈ; 'A × B' ਦਾ ਅਰਥ ਹੈ A, B ਦਾ ਪਿਤਾ ਹੈ; ਅਤੇ 'A ÷ B' ਦਾ ਅਰਥ ਹੈ A, B ਦੀ ਭੈਣ ਹੈ, ਤਾਂ ਹੇਠ ਲਿਖਿਆਂ ਵਿੱਚੋਂ ਕਿਹੜਾ ਸਮੀਕਰਨ ਦਰਸਾਉਂਦਾ ਹੈ ਕਿ P, Q ਦਾ ਮਾਮਾ ਹੈ?

(A) P + R - Q (B) P × R + Q (C) P ÷ R × Q (D) P - R + Q

27. Six persons P, Q, R, S, T and U are seated in a straight row facing north. It is known that: S is seated second to the right of P; Q occupies one of the extreme ends; R is seated adjacent to S; U is seated between Q and P; T is seated immediately to the left of S. Who is seated at the extreme right end of the row? / ਛੇ ਵਿਅਕਤੀ P, Q, R, S, T ਅਤੇ U ਇੱਕ ਸਿੱਧੀ ਕਤਾਰ ਵਿੱਚ ਉੱਤਰ ਵੱਲ ਮੂੰਹ ਕਰਕੇ ਬੈਠੇ ਹਨ। ਪਤਾ ਹੈ ਕਿ: S, P ਦੇ ਸੱਜੇ ਪਾਸੇ ਦੂਜੇ ਸਥਾਨ 'ਤੇ ਬੈਠਾ ਹੈ; Q ਕਿਸੇ ਇੱਕ ਸਿਰੇ 'ਤੇ ਹੈ; R, S ਦੇ ਨਾਲ ਲੱਗਦਾ ਬੈਠਾ ਹੈ; U, Q ਅਤੇ P ਵਿਚਕਾਰ ਬੈਠਾ ਹੈ; T, S ਦੇ ਬਿਲਕੁਲ ਖੱਬੇ ਪਾਸੇ ਬੈਠਾ ਹੈ। ਕਤਾਰ ਦੇ ਸਭ ਤੋਂ ਸੱਜੇ ਸਿਰੇ 'ਤੇ ਕੌਣ ਬੈਠਾ ਹੈ?

(A) R (B) T (C) S (D) Q

28. In a survey of 200 readers, 120 read newspaper A, 100 read newspaper B and 80 read newspaper C. Further, 60 read both A and B, 50 read both B and C, 40 read both A and C, and 30 read all three. How many readers read exactly one of the three newspapers? / 200 ਪਾਠਕਾਂ ਦੇ ਇੱਕ ਸਰਵੇਖਣ ਵਿੱਚ, 120 ਅਖ਼ਬਾਰ A ਪੜ੍ਹਦੇ ਹਨ, 100 ਅਖ਼ਬਾਰ B ਅਤੇ 80 ਅਖ਼ਬਾਰ C ਪੜ੍ਹਦੇ ਹਨ। ਇਸ ਤੋਂ ਇਲਾਵਾ, 60 A ਅਤੇ B ਦੋਵੇਂ, 50 B ਅਤੇ C ਦੋਵੇਂ, 40 A ਅਤੇ C ਦੋਵੇਂ, ਅਤੇ 30 ਤਿੰਨੇ ਪੜ੍ਹਦੇ ਹਨ। ਕਿੰਨੇ ਪਾਠਕ ਤਿੰਨਾਂ ਅਖ਼ਬਾਰਾਂ ਵਿੱਚੋਂ ਠੀਕ ਇੱਕ ਪੜ੍ਹਦੇ ਹਨ?

(A) 60 (B) 80 (C) 90 (D) 110

29. How many natural numbers from 1 to 100 are divisible by 3 or by 5, but not by both? / 1 ਤੋਂ 100 ਤੱਕ ਕਿੰਨੀਆਂ ਪ੍ਰਾਕ੍ਰਿਤਕ ਸੰਖਿਆਵਾਂ 3 ਜਾਂ 5 ਨਾਲ ਵੰਡੀਆਂ ਜਾਂਦੀਆਂ ਹਨ, ਪਰ ਦੋਹਾਂ ਨਾਲ ਨਹੀਂ?

(A) 35 (B) 47 (C) 53 (D) 41

30. In an election contested by two candidates, 4 % of the votes cast were declared invalid. The winner secured 62 % of the valid votes and won by a margin of 3,600 votes. How many votes were cast in all? / ਦੋ ਉਮੀਦਵਾਰਾਂ ਵਿਚਕਾਰ ਹੋਈ ਚੋਣ ਵਿੱਚ, ਪਾਈਆਂ ਗਈਆਂ ਵੋਟਾਂ ਵਿੱਚੋਂ 4 % ਰੱਦ ਐਲਾਨੀਆਂ ਗਈਆਂ। ਜੇਤੂ ਨੂੰ ਜਾਇਜ਼ ਵੋਟਾਂ ਦਾ 62 % ਮਿਲਿਆ ਅਤੇ ਉਹ 3,600 ਵੋਟਾਂ ਦੇ ਫ਼ਰਕ ਨਾਲ ਜਿੱਤਿਆ। ਕੁੱਲ ਕਿੰਨੀਆਂ ਵੋਟਾਂ ਪਾਈਆਂ ਗਈਆਂ?

(A) 15,000 (B) 16,000 (C) 14,400 (D) 15,625

31. Two successive discounts of 20 % and 15 % on the marked price are equivalent to a single discount of: / ਅੰਕਿਤ ਮੁੱਲ 'ਤੇ 20 % ਅਤੇ 15 % ਦੀਆਂ ਦੋ ਲਗਾਤਾਰ ਛੋਟਾਂ ਕਿਸ ਇੱਕਹਿਰੀ ਛੋਟ ਦੇ ਬਰਾਬਰ ਹਨ:

(A) 32 % (B) 34 % (C) 30 % (D) 35 %

32. The difference between the compound interest (compounded annually) and the simple interest on a certain sum for two years at 10 % per annum is ₹50. The sum is: / ਕਿਸੇ ਰਕਮ 'ਤੇ ਦੋ ਸਾਲਾਂ ਲਈ 10 % ਸਾਲਾਨਾ ਦਰ ਨਾਲ ਚੱਕਰਵਰਤੀ ਵਿਆਜ (ਸਾਲਾਨਾ ਸੰਯੋਜਿਤ) ਅਤੇ ਸਧਾਰਨ ਵਿਆਜ ਵਿਚਕਾਰ ਅੰਤਰ ₹50 ਹੈ। ਉਹ ਰਕਮ ਹੈ:

(A) ₹4,500 (B) ₹5,500 (C) ₹5,000 (D) ₹6,000

33. A vessel contains 60 litres of a mixture of milk and water in the ratio 7 : 3. How much of the mixture must be drawn off and replaced by an equal quantity of water so that the ratio of milk to water becomes 7 : 5? / ਇੱਕ ਭਾਂਡੇ ਵਿੱਚ 7 : 3 ਦੇ ਅਨੁਪਾਤ ਵਿੱਚ ਦੁੱਧ ਅਤੇ ਪਾਣੀ ਦਾ 60 ਲਿਟਰ ਮਿਸ਼ਰਣ ਹੈ। ਦੁੱਧ ਅਤੇ ਪਾਣੀ ਦਾ ਅਨੁਪਾਤ 7 : 5 ਬਣਾਉਣ ਲਈ ਕਿੰਨਾ ਮਿਸ਼ਰਣ ਕੱਢ ਕੇ ਉਸ ਦੀ ਥਾਂ ਓਨਾ ਹੀ ਪਾਣੀ ਪਾਉਣਾ ਪਵੇਗਾ?

(A) 5 litres (B) 8 litres (C) 10 litres (D) 12 litres

34. A frequency distribution has classes 0-10, 10-20, 20-40, 40-70 with frequencies 20, 30, 40, 30 respectively. In a correctly drawn histogram, the heights of the bars for the classes 10-20 and 40-70 are in the ratio: / ਇੱਕ ਆਵ੍ਰਿਤੀ ਵੰਡ ਵਿੱਚ 0-10, 10-20, 20-40, 40-70 ਵਰਗ ਹਨ ਜਿਨ੍ਹਾਂ ਦੀਆਂ ਆਵ੍ਰਿਤੀਆਂ ਕ੍ਰਮਵਾਰ 20, 30, 40, 30 ਹਨ। ਸਹੀ ਢੰਗ ਨਾਲ ਬਣਾਏ ਗਏ ਆਇਤ-ਚਿੱਤਰ (ਹਿਸਟੋਗ੍ਰਾਮ) ਵਿੱਚ, 10-20 ਅਤੇ 40-70 ਵਰਗਾਂ ਦੀਆਂ ਪੱਟੀਆਂ ਦੀਆਂ ਉਚਾਈਆਂ ਦਾ ਅਨੁਪਾਤ ਹੈ:

(A) 6 : 1 (B) 3 : 1 (C) 2 : 1 (D) 1 : 1

35. A set of 10 observations has mean 20 and variance 25. Two observations, 30 and 10, are discarded. The mean and variance of the remaining 8 observations are, respectively: / 10 ਪ੍ਰੇਖਣਾਂ ਦੇ ਇੱਕ ਸਮੂਹ ਦਾ ਮਾਧ 20 ਅਤੇ ਪ੍ਰਸਰਣ 25 ਹੈ। ਦੋ ਪ੍ਰੇਖਣ, 30 ਅਤੇ 10, ਹਟਾ ਦਿੱਤੇ ਜਾਂਦੇ ਹਨ। ਬਾਕੀ 8 ਪ੍ਰੇਖਣਾਂ ਦਾ ਮਾਧ ਅਤੇ ਪ੍ਰਸਰਣ ਕ੍ਰਮਵਾਰ ਹਨ:

(A) 22.5 and 6.25 (B) 20 and 12.5 (C) 20 and 6.25 (D) 20 and 25

36. In a spreadsheet, cells A1:A5 contain 2, 4, 6, 8, 10. Cell B1 contains the formula =A1*$A$1 and is filled down to B5. Cell C1 contains =SUM(B1:B5)/COUNTIF(A1:A5,">5"). The value displayed in C1 is: / ਇੱਕ ਸਪ੍ਰੈੱਡਸ਼ੀਟ ਵਿੱਚ, ਸੈੱਲ A1:A5 ਵਿੱਚ 2, 4, 6, 8, 10 ਹਨ। ਸੈੱਲ B1 ਵਿੱਚ ਫਾਰਮੂਲਾ =A1*$A$1 ਹੈ ਅਤੇ ਇਸ ਨੂੰ B5 ਤੱਕ ਭਰਿਆ ਗਿਆ ਹੈ। ਸੈੱਲ C1 ਵਿੱਚ =SUM(B1:B5)/COUNTIF(A1:A5,">5") ਹੈ। C1 ਵਿੱਚ ਦਿਖਾਈ ਦੇਣ ਵਾਲਾ ਮੁੱਲ ਹੈ:

(A) 73.33 (B) 12 (C) 20 (D) 30

37. The table gives the number of candidates who appeared in an examination and the pass percentage in each year. The overall pass percentage for the four years taken together is closest to: / ਸਾਰਣੀ ਵਿੱਚ ਹਰੇਕ ਸਾਲ ਪ੍ਰੀਖਿਆ ਵਿੱਚ ਬੈਠੇ ਉਮੀਦਵਾਰਾਂ ਦੀ ਗਿਣਤੀ ਅਤੇ ਪਾਸ % ਦਿੱਤਾ ਗਿਆ ਹੈ। ਚਾਰੇ ਸਾਲਾਂ ਨੂੰ ਇਕੱਠੇ ਲੈ ਕੇ ਕੁੱਲ ਪਾਸ % ਕਿਸ ਦੇ ਸਭ ਤੋਂ ਨੇੜੇ ਹੈ:

| Year / ਸਾਲ | Appeared / ਬੈਠੇ ਉਮੀਦਵਾਰ | Pass % / ਪਾਸ % |
|---|---|---|
| 2021 | 1200 | 45 |
| 2022 | 1500 | 40 |
| 2023 | 1800 | 35 |
| 2024 | 2000 | 30 |

(A) 35.0 (B) 37.5 (C) 40.0 (D) 36.5

38. Which one of the following is expressly excluded from the definition of a Money Bill under Article 110 of the Constitution? / ਸੰਵਿਧਾਨ ਦੀ ਧਾਰਾ 110 ਅਧੀਨ ਧਨ ਬਿੱਲ ਦੀ ਪਰਿਭਾਸ਼ਾ ਵਿੱਚੋਂ ਹੇਠ ਲਿਖਿਆਂ ਵਿੱਚੋਂ ਕਿਹੜਾ ਸਪੱਸ਼ਟ ਤੌਰ 'ਤੇ ਬਾਹਰ ਰੱਖਿਆ ਗਿਆ ਹੈ?

(A) The regulation of borrowing of money by the Government of India / ਭਾਰਤ ਸਰਕਾਰ ਦੁਆਰਾ ਪੈਸਾ ਉਧਾਰ ਲੈਣ ਦਾ ਵਿਧਾਨ ਬਣਾਉਣਾ

(B) The custody of the Consolidated Fund of India and the payment of moneys into or withdrawal of moneys from such Fund / ਭਾਰਤ ਦੇ ਸੰਚਿਤ ਫੰਡ ਦੀ ਸੰਭਾਲ ਅਤੇ ਅਜਿਹੇ ਫੰਡ ਵਿੱਚ ਪੈਸੇ ਜਮ੍ਹਾਂ ਕਰਾਉਣਾ ਜਾਂ ਉਸ ਵਿੱਚੋਂ ਪੈਸੇ ਕਢਵਾਉਣਾ

(C) The declaring of any expenditure to be expenditure charged on the Consolidated Fund of India / ਕਿਸੇ ਖ਼ਰਚੇ ਨੂੰ ਭਾਰਤ ਦੇ ਸੰਚਿਤ ਫੰਡ ਉੱਤੇ ਭਾਰਿਤ ਖ਼ਰਚਾ ਐਲਾਨਣਾ

(D) The imposition of fines or other pecuniary penalties, or demand or payment of fees for licences or services rendered / ਜੁਰਮਾਨੇ ਜਾਂ ਹੋਰ ਧਨ-ਸੰਬੰਧੀ ਸਜ਼ਾਵਾਂ ਲਗਾਉਣਾ, ਜਾਂ ਲਾਇਸੰਸਾਂ ਜਾਂ ਦਿੱਤੀਆਂ ਗਈਆਂ ਸੇਵਾਵਾਂ ਲਈ ਫ਼ੀਸਾਂ ਦੀ ਮੰਗ ਜਾਂ ਅਦਾਇਗੀ

39. Which one of the following was not an outcome of the Forty-fourth Constitutional Amendment, 1978? / ਹੇਠ ਲਿਖਿਆਂ ਵਿੱਚੋਂ ਕਿਹੜਾ 44ਵੀਂ ਸੰਵਿਧਾਨਕ ਸੋਧ, 1978 ਦਾ ਨਤੀਜਾ ਨਹੀਂ ਸੀ?

(A) A guarantee that the enforcement of Articles 20 and 21 cannot be suspended during the operation of a National Emergency / ਇਹ ਗਾਰੰਟੀ ਕਿ ਰਾਸ਼ਟਰੀ ਐਮਰਜੈਂਸੀ ਦੌਰਾਨ ਧਾਰਾ 20 ਅਤੇ 21 ਦੇ ਲਾਗੂ ਹੋਣ ਨੂੰ ਮੁਅੱਤਲ ਨਹੀਂ ਕੀਤਾ ਜਾ ਸਕਦਾ

(B) A provision placing the President's satisfaction in proclaiming a National Emergency beyond the scrutiny of courts / ਇੱਕ ਵਿਵਸਥਾ ਜੋ ਰਾਸ਼ਟਰੀ ਐਮਰਜੈਂਸੀ ਦੇ ਐਲਾਨ ਸੰਬੰਧੀ ਰਾਸ਼ਟਰਪਤੀ ਦੀ ਸੰਤੁਸ਼ਟੀ ਨੂੰ ਅਦਾਲਤਾਂ ਦੀ ਪੜਤਾਲ ਤੋਂ ਬਾਹਰ ਰੱਖਦੀ ਹੈ

(C) Substitution of the expression "armed rebellion" for "internal disturbance" as a ground for proclaiming a National Emergency / ਰਾਸ਼ਟਰੀ ਐਮਰਜੈਂਸੀ ਦੇ ਐਲਾਨ ਦੇ ਆਧਾਰ ਵਜੋਂ "ਅੰਦਰੂਨੀ ਗੜਬੜੀ" ਦੀ ਥਾਂ "ਹਥਿਆਰਬੰਦ ਬਗ਼ਾਵਤ" ਸ਼ਬਦ ਰੱਖਣਾ

(D) A requirement that the Emergency be proclaimed only on the written recommendation of the Union Cabinet / ਇਹ ਲੋੜ ਕਿ ਐਮਰਜੈਂਸੀ ਦਾ ਐਲਾਨ ਕੇਵਲ ਕੇਂਦਰੀ ਮੰਤਰੀ ਮੰਡਲ ਦੀ ਲਿਖਤੀ ਸਿਫ਼ਾਰਸ਼ 'ਤੇ ਹੀ ਕੀਤਾ ਜਾਵੇ

40. Which one of the following is NOT a component of India's current Nationally Determined Contribution (NDC) under the Paris Agreement, against which its progress is being assessed in 2026? / ਪੈਰਿਸ ਸਮਝੌਤੇ ਅਧੀਨ ਭਾਰਤ ਦੇ ਮੌਜੂਦਾ ਰਾਸ਼ਟਰੀ ਪੱਧਰ 'ਤੇ ਨਿਰਧਾਰਤ ਯੋਗਦਾਨ (NDC), ਜਿਸ ਦੇ ਆਧਾਰ 'ਤੇ 2026 ਵਿੱਚ ਇਸ ਦੀ ਪ੍ਰਗਤੀ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ, ਦਾ ਹੇਠ ਲਿਖਿਆਂ ਵਿੱਚੋਂ ਕਿਹੜਾ ਅੰਗ ਨਹੀਂ ਹੈ?

(A) Achieve about 50 % cumulative electric power installed capacity from non-fossil fuel sources by 2030. / 2030 ਤੱਕ ਗੈਰ- ਜੀਵਾਸ਼ੀ ਈਂਧਨ ਸਰੋਤਾਂ ਤੋਂ ਲਗਭਗ 50 % ਸੰਚਿਤ ਬਿਜਲੀ ਸਥਾਪਤ ਸਮਰੱਥਾ ਪ੍ਰਾਪਤ ਕਰਨਾ।

(B) Reduce the emissions intensity of its GDP by 45 % by 2030 from the 2005 level. / 2005 ਦੇ ਪੱਧਰ ਤੋਂ 2030 ਤੱਕ ਆਪਣੇ ਜੀ.ਡੀ.ਪੀ. ਦੀ ਨਿਕਾਸ ਤੀਬਰਤਾ ਵਿੱਚ 45 % ਕਮੀ ਕਰਨਾ।

(C) Create an additional carbon sink of 2.5 to 3 billion tonnes of CO2 equivalent through additional forest and tree cover by 2030. / 2030 ਤੱਕ ਵਾਧੂ ਜੰਗਲ ਅਤੇ ਰੁੱਖਾਂ ਹੇਠ ਰਕਬੇ ਰਾਹੀਂ 2.5 ਤੋਂ 3 ਅਰਬ ਟਨ CO2 ਸਮਤੁੱਲ ਦਾ ਵਾਧੂ ਕਾਰਬਨ ਸਿੰਕ ਬਣਾਉਣਾ।

(D) Reduce absolute greenhouse gas emissions by 45 % by 2030 from the 2005 level. / 2005 ਦੇ ਪੱਧਰ ਤੋਂ 2030 ਤੱਕ ਸੰਪੂਰਨ ਗ੍ਰੀਨਹਾਊਸ ਗੈਸ ਨਿਕਾਸ ਵਿੱਚ 45 % ਕਮੀ ਕਰਨਾ।

41. Assertion (A): The Kigali Amendment to the Montreal Protocol provides for the phase-down of hydrofluorocarbons (HFCs). / ਕਥਨ (A): ਮਾਂਟ੍ਰੀਅਲ ਪ੍ਰੋਟੋਕੋਲ ਵਿੱਚ ਕਿਗਾਲੀ ਸੋਧ ਹਾਈਡ੍ਰੋਫਲੋਰੋਕਾਰਬਨ (HFCs) ਦੇ ਪੜਾਅਵਾਰ ਘਟਾਉ ਦੀ ਵਿਵਸਥਾ ਕਰਦੀ ਹੈ।

Reason (R): HFCs are potent depleters of stratospheric ozone. / ਕਾਰਨ (R): HFCs ਸਟ੍ਰੈਟੋਸਫੀਅਰੀ ਓਜ਼ੋਨ ਦੇ ਤਾਕਤਵਰ ਖੋਰਾ-ਕਾਰਕ ਹਨ।

Select the correct answer using the codes given below: / ਹੇਠਾਂ ਦਿੱਤੇ ਕੋਡਾਂ ਦੀ ਵਰਤੋਂ ਕਰਕੇ ਸਹੀ ਉੱਤਰ ਚੁਣੋ:

(A) A is true, but R is false. / A ਸਹੀ ਹੈ, ਪਰ R ਗਲਤ ਹੈ।

(B) Both A and R are true, but R is not the correct explanation of A. / A ਅਤੇ R ਦੋਵੇਂ ਸਹੀ ਹਨ, ਪਰ R, A ਦੀ ਸਹੀ ਵਿਆਖਿਆ ਨਹੀਂ ਹੈ।

(C) A is false, but R is true. / A ਗਲਤ ਹੈ, ਪਰ R ਸਹੀ ਹੈ।

(D) Both A and R are true, and R is the correct explanation of A. / A ਅਤੇ R ਦੋਵੇਂ ਸਹੀ ਹਨ, ਅਤੇ R, A ਦੀ ਸਹੀ ਵਿਆਖਿਆ ਹੈ।

42. With reference to ISRO's EOS-05 mission launched on 4 September 2026, consider the following statements: / ਇਸਰੋ ਦੇ 4 ਸਤੰਬਰ 2026 ਨੂੰ ਲਾਂਚ ਕੀਤੇ ਗਏ EOS-05 ਮਿਸ਼ਨ ਦੇ ਸੰਦਰਭ ਵਿੱਚ, ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ:

1. EOS-05 is India's first Earth-imaging satellite designed to operate from geosynchronous orbit, and was launched by GSLV-F17. / EOS-05 ਭਾਰਤ ਦਾ ਪਹਿਲਾ ਧਰਤੀ-ਚਿੱਤਰਣ ਉਪਗ੍ਰਹਿ ਹੈ ਜੋ ਭੂ-ਸਥਿਰ ਪੰਧ ਤੋਂ ਕੰਮ ਕਰਨ ਲਈ ਤਿਆਰ ਕੀਤਾ ਗਿਆ ਹੈ, ਅਤੇ ਇਸ ਨੂੰ GSLV-F17 ਦੁਆਰਾ ਲਾਂਚ ਕੀਤਾ ਗਿਆ ਸੀ।

2. At about 2,367 kg, it is the heaviest satellite ever launched by a GSLV. / ਲਗਭਗ 2,367 ਕਿਲੋਗ੍ਰਾਮ ਭਾਰ ਨਾਲ, ਇਹ GSLV ਦੁਆਰਾ ਹੁਣ ਤੱਕ ਲਾਂਚ ਕੀਤਾ ਗਿਆ ਸਭ ਤੋਂ ਭਾਰੀ ਉਪਗ੍ਰਹਿ ਹੈ।

3. The launch vehicle placed the satellite directly into its final geosynchronous orbit. / ਲਾਂਚ ਵਾਹਨ ਨੇ ਉਪਗ੍ਰਹਿ ਨੂੰ ਸਿੱਧਾ ਇਸ ਦੇ ਅੰਤਿਮ ਭੂ-ਸਥਿਰ ਪੰਧ ਵਿੱਚ ਸਥਾਪਤ ਕੀਤਾ।

Which of the statements given above is/are correct? / ਉਪਰੋਕਤ ਕਥਨਾਂ ਵਿੱਚੋਂ ਕਿਹੜਾ/ਕਿਹੜੇ ਸਹੀ ਹੈ/ਹਨ?

(A) 1 and 3 only/ 1 ਅਤੇ 3 ਹੀ (B) 1, 2 and 3/ 1,2 ਅਤੇ 3 ਹੀ (C) 2 and 3 only/ 2 ਅਤੇ 3 ਹੀ (D) 1 and 2 only/ 1 ਅਤੇ 2 ਹੀ

43. With reference to the CRISPR-Cas9 genome-editing system, which one of the following statements is NOT correct? / CRISPR-Cas9 ਜੀਨੋਮ-ਸੰਪਾਦਨ ਪ੍ਰਣਾਲੀ ਦੇ ਸੰਦਰਭ ਵਿੱਚ, ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਨਹੀਂ ਹੈ?

(A) The Cas9 protein recognises the target DNA sequence on its own, independently of any RNA component. / Cas9 ਪ੍ਰੋਟੀਨ ਕਿਸੇ ਵੀ RNA ਅੰਗ ਤੋਂ ਸੁਤੰਤਰ ਹੋ ਕੇ, ਆਪਣੇ ਆਪ ਹੀ ਨਿਸ਼ਾਨਾ DNA ਲੜੀ ਦੀ ਪਛਾਣ ਕਰ ਲੈਂਦਾ ਹੈ।

(B) Cas9 is an endonuclease that creates a double-strand break in DNA. / Cas9 ਇੱਕ ਐਂਡੋਨਿਊਕਲੀਏਜ਼ ਹੈ ਜੋ DNA ਵਿੱਚ ਦੋਹਰੀ-ਲੜੀ ਟੁੱਟ ਪੈਦਾ ਕਰਦਾ ਹੈ।

(C) The specificity of the target site is determined by a guide RNA whose sequence is complementary to the target DNA. / ਨਿਸ਼ਾਨਾ ਸਥਾਨ ਦੀ ਵਿਸ਼ੇਸ਼ਤਾ ਇੱਕ ਗਾਈਡ RNA ਦੁਆਰਾ ਨਿਰਧਾਰਤ ਹੁੰਦੀ ਹੈ ਜਿਸ ਦੀ ਲੜੀ ਨਿਸ਼ਾਨਾ DNA ਦੀ ਪੂਰਕ ਹੁੰਦੀ ਹੈ।

(D) Cas9 can cut only where the target sequence is adjacent to a short protospacer-adjacent motif (PAM) in the DNA. / Cas9 ਕੇਵਲ ਉੱਥੇ ਹੀ ਕੱਟ ਸਕਦਾ ਹੈ ਜਿੱਥੇ ਨਿਸ਼ਾਨਾ ਲੜੀ DNA ਵਿੱਚ ਇੱਕ ਛੋਟੇ ਪ੍ਰੋਟੋਸਪੇਸਰ-ਨਾਲ ਲੱਗਦੇ ਮੋਟਿਫ਼ (PAM) ਦੇ ਨਾਲ ਲੱਗਦੀ ਹੋਵੇ।

44. Which one of the following statements about gravitational waves is correct? / ਗੁਰੂਤਾਕਰਸ਼ਣ ਤਰੰਗਾਂ ਬਾਰੇ ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?

(A) A perfectly spherically symmetric collapse of a star emits no gravitational waves, since the radiation is quadrupolar in nature / ਕਿਸੇ ਤਾਰੇ ਦਾ ਪੂਰਨ ਗੋਲਾਕਾਰ-ਸਮਮਿਤ ਢਹਿਣਾ ਕੋਈ ਗੁਰੂਤਾਕਰਸ਼ਣ ਤਰੰਗ ਨਹੀਂ ਛੱਡਦਾ, ਕਿਉਂਕਿ ਇਹ ਵਿਕਿਰਣ ਸੁਭਾਅ ਵਿੱਚ ਚਤੁਰਧਰੁਵੀ ਹੁੰਦਾ ਹੈ

(B) They interact so strongly with matter that they are absorbed within a few kilometres of their source / ਇਹ ਪਦਾਰਥ ਨਾਲ ਏਨੀ ਪ੍ਰਬਲਤਾ ਨਾਲ ਕਿਰਿਆ ਕਰਦੀਆਂ ਹਨ ਕਿ ਆਪਣੇ ਸਰੋਤ ਤੋਂ ਕੁਝ ਕਿਲੋਮੀਟਰ ਦੇ ਅੰਦਰ ਹੀ ਸੋਖ ਲਈਆਂ ਜਾਂਦੀਆਂ ਹਨ

(C) They are longitudinal waves propagating through a material medium at the speed of sound in that medium / ਇਹ ਅਨੁਦੈਰਘ ਤਰੰਗਾਂ ਹਨ ਜੋ ਕਿਸੇ ਪਦਾਰਥਕ ਮਾਧਿਅਮ ਵਿੱਚ ਉਸ ਮਾਧਿਅਮ ਦੀ ਧੁਨੀ-ਗਤੀ ਨਾਲ ਸੰਚਾਰਿਤ ਹੁੰਦੀਆਂ ਹਨ

(D) They were first detected by measuring the deflection of starlight passing near the Sun during a total solar eclipse / ਇਹਨਾਂ ਦਾ ਪਹਿਲਾ ਪਤਾ ਪੂਰਨ ਸੂਰਜ ਗ੍ਰਹਿਣ ਦੌਰਾਨ ਸੂਰਜ ਦੇ ਨੇੜਿਓਂ ਲੰਘਦੀ ਤਾਰਿਆਂ ਦੀ ਰੌਸ਼ਨੀ ਦੇ ਝੁਕਾਅ ਨੂੰ ਮਾਪ ਕੇ ਲਗਾਇਆ ਗਿਆ ਸੀ

45. After a sharp depreciation of its currency, a country observes that its trade deficit widens for several months before it begins to narrow. Which of the following best explains this pattern?
ਆਪਣੀ ਮੁਦਰਾ ਦੇ ਤਿੱਖੇ ਅਵਮੁੱਲਣ ਤੋਂ ਬਾਅਦ, ਇੱਕ ਦੇਸ਼ ਵੇਖਦਾ ਹੈ ਕਿ ਉਸ ਦਾ ਵਪਾਰ ਘਾਟਾ ਕਈ ਮਹੀਨਿਆਂ ਤੱਕ ਵਧਦਾ ਹੈ ਅਤੇ ਫਿਰ ਘਟਣਾ ਸ਼ੁਰੂ ਹੁੰਦਾ ਹੈ। ਹੇਠ ਲਿਖਿਆਂ ਵਿੱਚੋਂ ਕਿਹੜਾ ਇਸ ਵਰਤਾਰੇ ਦੀ ਸਭ ਤੋਂ ਵਧੀਆ ਵਿਆਖਿਆ ਕਰਦਾ ਹੈ?

(A) Depreciation always worsens the trade balance because import prices rise. / ਅਵਮੁੱਲਣ ਹਮੇਸ਼ਾ ਵਪਾਰ ਸੰਤੁਲਨ ਨੂੰ ਵਿਗਾੜਦਾ ਹੈ ਕਿਉਂਕਿ ਆਯਾਤ ਕੀਮਤਾਂ ਵਧਦੀਆਂ ਹਨ।

(B) The J-curve effect: in the short run, export and import volumes are inelastic and existing contracts are priced in advance, so the higher domestic price of imports initially raises the import bill. / J-ਵਕਰ ਪ੍ਰਭਾਵ: ਥੋੜ੍ਹੇ ਸਮੇਂ ਵਿੱਚ ਨਿਰਯਾਤ ਅਤੇ ਆਯਾਤ ਦੀ ਮਾਤਰਾ ਅਲਚਕੀਲੀ ਹੁੰਦੀ ਹੈ ਅਤੇ ਮੌਜੂਦਾ ਇਕਰਾਰਨਾਮਿਆਂ ਦੀਆਂ ਕੀਮਤਾਂ ਪਹਿਲਾਂ ਹੀ ਤੈਅ ਹੁੰਦੀਆਂ ਹਨ, ਇਸ ਲਈ ਆਯਾਤ ਦੀ ਵਧੀ ਹੋਈ ਘਰੇਲੂ ਕੀਮਤ ਸ਼ੁਰੂ ਵਿੱਚ ਆਯਾਤ ਬਿੱਲ ਵਧਾ ਦਿੰਦੀ ਹੈ।

(C) Depreciation raises the foreign-currency price of exports, making them uncompetitive. / ਅਵਮੁੱਲਣ ਨਿਰਯਾਤ ਦੀ ਵਿਦੇਸ਼ੀ-ਮੁਦਰਾ ਕੀਮਤ ਵਧਾ ਦਿੰਦਾ ਹੈ, ਜਿਸ ਨਾਲ ਉਹ ਗੈਰ-ਮੁਕਾਬਲੇਬਾਜ਼ ਹੋ ਜਾਂਦੇ ਹਨ।

(D) The Marshall-Lerner condition is permanently violated, so depreciation can never improve the trade balance. / ਮਾਰਸ਼ਲ-ਲਰਨਰ ਸ਼ਰਤ ਸਥਾਈ ਤੌਰ 'ਤੇ ਉਲੰਘੀ ਜਾਂਦੀ ਹੈ, ਇਸ ਲਈ ਅਵਮੁੱਲਣ ਵਪਾਰ ਸੰਤੁਲਨ ਨੂੰ ਕਦੇ ਸੁਧਾਰ ਨਹੀਂ ਸਕਦਾ।

46. Which one of the following transactions is recorded in the capital/financial account, and not the current account, of India's balance of payments? / ਹੇਠ ਲਿਖਿਆਂ ਵਿੱਚੋਂ ਕਿਹੜਾ ਲੈਣ-ਦੇਣ ਭਾਰਤ ਦੇ ਭੁਗਤਾਨ ਸੰਤੁਲਨ ਦੇ ਪੂੰਜੀ/ਵਿੱਤੀ ਖਾਤੇ ਵਿੱਚ ਦਰਜ ਹੁੰਦਾ ਹੈ, ਨਾ ਕਿ ਚਾਲੂ ਖਾਤੇ ਵਿੱਚ?

(A) Remittances sent home by Indian workers abroad / ਵਿਦੇਸ਼ਾਂ ਵਿੱਚ ਕੰਮ ਕਰਦੇ ਭਾਰਤੀ ਕਾਮਿਆਂ ਵੱਲੋਂ ਘਰ ਭੇਜੀ ਗਈ ਰਕਮ

(B) External commercial borrowing raised by an Indian company from a foreign bank / ਕਿਸੇ ਭਾਰਤੀ ਕੰਪਨੀ ਵੱਲੋਂ ਵਿਦੇਸ਼ੀ ਬੈਂਕ ਤੋਂ ਲਿਆ ਗਿਆ ਬਾਹਰੀ ਵਪਾਰਕ ਉਧਾਰ

(C) Export of information technology services by an Indian firm / ਕਿਸੇ ਭਾਰਤੀ ਫ਼ਰਮ ਵੱਲੋਂ ਸੂਚਨਾ ਤਕਨਾਲੋਜੀ ਸੇਵਾਵਾਂ ਦਾ ਨਿਰਯਾਤ

(D) Dividends paid by an Indian company to its foreign shareholders / ਕਿਸੇ ਭਾਰਤੀ ਕੰਪਨੀ ਵੱਲੋਂ ਆਪਣੇ ਵਿਦੇਸ਼ੀ ਸ਼ੇਅਰਧਾਰਕਾਂ ਨੂੰ ਦਿੱਤਾ ਗਿਆ ਲਾਭਅੰਸ਼

47. Arrange the following events of the Indian freedom struggle in correct chronological order: / ਭਾਰਤੀ ਸੁਤੰਤਰਤਾ ਸੰਗਰਾਮ ਦੀਆਂ ਹੇਠ ਲਿਖੀਆਂ ਘਟਨਾਵਾਂ ਨੂੰ ਸਹੀ ਕਾਲਕ੍ਰਮ ਵਿੱਚ ਤਰਤੀਬ ਦਿਓ:

1. Poona Pact / ਪੂਨਾ ਪੈਕਟ
2. Gandhi-Irwin Pact / ਗਾਂਧੀ-ਇਰਵਿਨ ਸਮਝੌਤਾ
3. Communal Award / ਕਮਿਊਨਲ ਅਵਾਰਡ
4. Second Round Table Conference / ਦੂਜੀ ਗੋਲਮੇਜ਼ ਕਾਨਫ਼ਰੰਸ

(A) 4 - 2 - 3 - 1 (B) 4 - 2 - 1 - 3 (C) 2 - 4 - 3 - 1 (D) 2 - 3 - 4 - 1

48. The Duckworth-Lewis-Stern method used in limited-overs cricket determines a revised target principally by reference to - / ਸੀਮਤ-ਓਵਰਾਂ ਵਾਲੀ ਕ੍ਰਿਕਟ ਵਿੱਚ ਵਰਤੀ ਜਾਂਦੀ ਡਕਵਰਥ-ਲੁਈਸ-ਸਟਰਨ ਵਿਧੀ, ਸੋਧਿਆ ਹੋਇਆ ਟੀਚਾ ਮੁੱਖ ਤੌਰ 'ਤੇ ਕਿਸ ਦੇ ਆਧਾਰ 'ਤੇ ਨਿਰਧਾਰਤ ਕਰਦੀ ਹੈ -

(A) the proportion of the innings lost, applied as a simple arithmetical reduction to the first innings total / ਪਾਰੀ ਦਾ ਗੁਆਚਿਆ ਹਿੱਸਾ, ਜਿਸ ਨੂੰ ਪਹਿਲੀ ਪਾਰੀ ਦੇ ਕੁੱਲ ਜੋੜ ਵਿੱਚੋਂ ਸਧਾਰਨ ਗਣਿਤਕ ਕਟੌਤੀ ਵਜੋਂ ਲਾਗੂ ਕੀਤਾ ਜਾਂਦਾ ਹੈ

(B) the combination of overs remaining and wickets in hand, treated jointly as the resources available to a batting side / ਬਾਕੀ ਬਚੇ ਓਵਰਾਂ ਅਤੇ ਹੱਥ ਵਿੱਚ ਬਚੀਆਂ ਵਿਕਟਾਂ ਦਾ ਸੁਮੇਲ, ਜਿਨ੍ਹਾਂ ਨੂੰ ਬੱਲੇਬਾਜ਼ੀ ਕਰ ਰਹੀ ਟੀਮ ਲਈ ਉਪਲਬਧ ਸਾਧਨਾਂ ਵਜੋਂ ਇਕੱਠਿਆਂ ਲਿਆ ਜਾਂਦਾ ਹੈ

(C) the average score at the venue over the preceding five matches / ਉਸ ਮੈਦਾਨ 'ਤੇ ਪਿਛਲੇ ਪੰਜ ਮੈਚਾਂ ਦਾ ਔਸਤ ਸਕੋਰ

(D) the run rate achieved by the team batting first in the corresponding overs of its innings / ਪਹਿਲਾਂ ਬੱਲੇਬਾਜ਼ੀ ਕਰਨ ਵਾਲੀ ਟੀਮ ਵੱਲੋਂ ਆਪਣੀ ਪਾਰੀ ਦੇ ਸਮਾਨ ਓਵਰਾਂ ਵਿੱਚ ਪ੍ਰਾਪਤ ਕੀਤੀ ਦੌੜ-ਦਰ

49. Western Disturbances are best described as - / ਪੱਛਮੀ ਗੜਬੜੀਆਂ ਦਾ ਸਭ ਤੋਂ ਢੁਕਵਾਂ ਵਰਣਨ ਹੈ -

(A) local convective thunderstorms of the pre-monsoon season in eastern India / ਪੂਰਬੀ ਭਾਰਤ ਵਿੱਚ ਮਾਨਸੂਨ ਤੋਂ ਪਹਿਲਾਂ ਦੇ ਮੌਸਮ ਦੇ ਸਥਾਨਕ ਸੰਵਹਿਣੀ ਤੂਫ਼ਾਨ

(B) tropical cyclones forming over the Arabian Sea that bring heavy rainfall to the Konkan coast in October / ਅਰਬ ਸਾਗਰ ਉੱਤੇ ਬਣਨ ਵਾਲੇ ਉਸ਼ਣ ਕਟੀਬੰਧੀ ਚੱਕਰਵਾਤ ਜੋ ਅਕਤੂਬਰ ਵਿੱਚ ਕੋਂਕਣ ਤੱਟ 'ਤੇ ਭਾਰੀ ਵਰਖਾ ਲਿਆਉਂਦੇ ਹਨ

(C) the westward-propagating troughs associated with the withdrawal of the south-west monsoon from the Gangetic plain / ਗੰਗਾ ਦੇ ਮੈਦਾਨ ਤੋਂ ਦੱਖਣ-ਪੱਛਮੀ ਮਾਨਸੂਨ ਦੀ ਵਾਪਸੀ ਨਾਲ ਜੁੜੀਆਂ ਪੱਛਮ ਵੱਲ ਵਧਣ ਵਾਲੀਆਂ ਪਾਛੜਾਂ

(D) extratropical weather systems originating over the Mediterranean region and travelling eastward, which bring winter precipitation to north-western India and are important for the rabi crop / ਭੂ-ਮੱਧ ਸਾਗਰੀ ਖੇਤਰ ਉੱਤੇ ਪੈਦਾ ਹੋਣ ਵਾਲੀਆਂ ਅਤੇ ਪੂਰਬ ਵੱਲ ਵਧਣ ਵਾਲੀਆਂ ਉਸ਼ਣ-ਕਟੀਬੰਧ ਤੋਂ ਬਾਹਰਲੀਆਂ ਮੌਸਮੀ ਪ੍ਰਣਾਲੀਆਂ, ਜੋ ਉੱਤਰ-ਪੱਛਮੀ ਭਾਰਤ ਵਿੱਚ ਸਰਦੀਆਂ ਦੀ ਵਰਖਾ ਲਿਆਉਂਦੀਆਂ ਹਨ ਅਤੇ ਹਾੜ੍ਹੀ ਦੀ ਫ਼ਸਲ ਲਈ ਮਹੱਤਵਪੂਰਨ ਹਨ

50. With reference to the Padma Awards announced on the eve of Republic Day 2026, consider the following statements: / ਗਣਤੰਤਰ ਦਿਵਸ 2026 ਦੀ ਪੂਰਵ ਸੰਧਿਆ 'ਤੇ ਐਲਾਨੇ ਗਏ ਪਦਮ ਪੁਰਸਕਾਰਾਂ ਦੇ ਸੰਦਰਭ ਵਿੱਚ, ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ:

1. A total of 131 awards were announced - 5 Padma Vibhushan, 13 Padma Bhushan and 113 Padma Shri. / ਕੁੱਲ 131 ਪੁਰਸਕਾਰਾਂ ਦਾ ਐਲਾਨ ਕੀਤਾ ਗਿਆ - 5 ਪਦਮ ਵਿਭੂਸ਼ਣ, 13 ਪਦਮ ਭੂਸ਼ਣ ਅਤੇ 113 ਪਦਮ ਸ੍ਰੀ।
2. Actor Mammootty was among the recipients of the Padma Vibhushan. / ਅਦਾਕਾਰ ਮੰਮੂਟੀ ਪਦਮ ਵਿਭੂਸ਼ਣ ਪ੍ਰਾਪਤ ਕਰਨ ਵਾਲਿਆਂ ਵਿੱਚ ਸ਼ਾਮਲ ਸਨ।
3. Actor Dharmendra and former Kerala Chief Minister V.S. Achuthanandan were awarded the Padma Vibhushan posthumously. / ਅਦਾਕਾਰ ਧਰਮਿੰਦਰ ਅਤੇ ਕੇਰਲ ਦੇ ਸਾਬਕਾ ਮੁੱਖ ਮੰਤਰੀ ਵੀ.ਐੱਸ. ਅਚੁਥਾਨੰਦਨ ਨੂੰ ਮਰਨ ਉਪਰੰਤ ਪਦਮ ਵਿਭੂਸ਼ਣ ਦਿੱਤਾ ਗਿਆ।

Which of the statements given above is/are correct? / ਉਪਰੋਕਤ ਕਥਨਾਂ ਵਿੱਚੋਂ ਕਿਹੜਾ/ਕਿਹੜੇ ਸਹੀ ਹੈ/ਹਨ?

(A) 1, 2 and 3/ 1,2 ਅਤੇ 3 ਹੀ (B) 1 and 2 only/ 1 ਅਤੇ 2 ਹੀ (C) 2 and 3 only/ 2 ਅਤੇ 3 ਹੀ (D) 1 and 3 only/ 1 ਅਤੇ 3 ਹੀ

51. Which European country officially joined the NATO alliance as its 32nd member? ਕਿਹੜਾ ਯੂਰਪੀ ਦੇਸ਼ ਨਾਟੋ ਗਠਜੋੜ ਵਿੱਚ ਇਸ ਦੇ 32ਵੇਂ ਮੈਂਬਰ ਵਜੋਂ ਅਧਿਕਾਰਤ ਤੌਰ 'ਤੇ ਸ਼ਾਮਲ ਹੋਇਆ?

(A) Switzerland / ਸਵਿਟਜ਼ਰਲੈਂਡ (B) Austria / ਆਸਟਰੀਆ (C) Sweden / ਸਵੀਡਨ (D) Finland / ਫ਼ਿਨਲੈਂਡ

52. The famous *Santhal Rebellion* of 1855-56 against British colonial rule and the Zamindari system was led by which pair of brothers? / 1855-56 ਦਾ ਪ੍ਰਸਿੱਧ ਸੰਥਾਲ ਵਿਦਰੋਹ, ਜੋ ਬ੍ਰਿਟਿਸ਼ ਬਸਤੀਵਾਦੀ ਰਾਜ ਅਤੇ ਜ਼ਿਮੀਂਦਾਰੀ ਪ੍ਰਬੰਧ ਵਿਰੁੱਧ ਸੀ, ਕਿਹੜੇ ਭਰਾਵਾਂ ਦੀ ਜੋੜੀ ਦੀ ਅਗਵਾਈ ਹੇਠ ਹੋਇਆ?

(A) Bhagat and Than Singh / ਭਗਤ ਅਤੇ ਥਾਨ ਸਿੰਘ (B) Birsa and Gaya Munda / ਬਿਰਸਾ ਅਤੇ ਗਯਾ ਮੁੰਡਾ
(C) Tilka and Rupa Majhi / ਤਿਲਕਾ ਅਤੇ ਰੂਪਾ ਮਾਂਝੀ (D) Sidhu and Kanhu Murmu / ਸਿੱਧੂ ਅਤੇ ਕਾਨ੍ਹੂ ਮੁਰਮੂ

53. Which geographic pass connects the valley of Leh with the Nubra Valley in Ladakh and is renowned as one of the world's highest motorable passes? / ਕਿਹੜਾ ਭੂਗੋਲਿਕ ਦੱਰਾ ਲੇਹ ਦੀ ਘਾਟੀ ਨੂੰ ਲੱਦਾਖ ਵਿੱਚ ਨੁਬਰਾ ਘਾਟੀ ਨਾਲ ਜੋੜਦਾ ਹੈ ਅਤੇ ਸੰਸਾਰ ਦੇ ਸਭ ਤੋਂ ਉੱਚੇ ਵਾਹਨ-ਯੋਗ ਦੱਰਿਆਂਵਾਂ ਵਿੱਚੋਂ ਇੱਕ ਵਜੋਂ ਪ੍ਰਸਿੱਧ ਹੈ?

(A) Rohtang Pass / ਰੋਹਤਾਂਗ ਦੱਰਾ (B) Nathu La / ਨਾਥੂ ਲਾ (C) Khardung La / ਖਾਰਦੁੰਗ ਲਾ (D) Zoji La / ਜ਼ੋਜੀ ਲਾ

54. In terms of agro-climatic regionalization, the soil of the southwestern region of Punjab (covering districts like Abohar, Fazilka, and Bathinda) is predominantly classified as: / ਖੇਤੀ-ਜਲਵਾਯੂ ਖੇਤਰੀਕਰਨ ਦੇ ਪੱਖੋਂ, ਪੰਜਾਬ ਦੇ ਦੱਖਣ-ਪੱਛਮੀ ਖੇਤਰ (ਅਬੋਹਰ, ਫ਼ਾਜ਼ਿਲਕਾ ਅਤੇ ਬਠਿੰਡਾ ਵਰਗੇ ਜ਼ਿਲ੍ਹਿਆਂ ਸਮੇਤ) ਦੀ ਮਿੱਟੀ ਮੁੱਖ ਤੌਰ 'ਤੇ ਕਿਸ ਸ਼੍ਰੇਣੀ ਵਿੱਚ ਰੱਖੀ ਜਾਂਦੀ ਹੈ:

(A) Alluvial Soil / ਜਲੋੜ ਮਿੱਟੀ (B) Laterite Soil / ਲੈਟਰਾਈਟ ਮਿੱਟੀ
(C) Black Cotton Soil / ਕਾਲੀ ਕਪਾਹ ਮਿੱਟੀ (D) Arid / Desert Soil / ਖ਼ੁਸ਼ਕ / ਮਾਰੂਥਲੀ ਮਿੱਟੀ

55. Which subatomic particle was experimentally confirmed by CERN's Large Hadron Collider (LHC) in 2012, giving mass to fundamental particles? / 2012 ਵਿੱਚ CERN ਦੇ ਲਾਰਜ ਹੈਡਰਾਨ ਕੋਲਾਈਡਰ (LHC) ਦੁਆਰਾ ਕਿਸ ਉਪ-ਪਰਮਾਣੂ ਕਣ ਦੀ ਪ੍ਰਯੋਗਾਤਮਕ ਪੁਸ਼ਟੀ ਕੀਤੀ ਗਈ, ਜੋ ਮੂਲ ਕਣਾਂ ਨੂੰ ਪੁੰਜ ਪ੍ਰਦਾਨ ਕਰਦਾ ਹੈ?

(A) Neutrino / ਨਿਊਟ੍ਰੀਨੋ (B) Quark / ਕੁਆਰਕ (C) Positron / ਪਾਜ਼ੀਟ੍ਰੋਨ (D) Higgs Boson / ਹਿਗਜ਼ ਬੋਸਾਨ

56. In modern computing, what does the abbreviation NPU stand for in high-performance processors? ਆਧੁਨਿਕ ਕੰਪਿਊਟਿੰਗ ਵਿੱਚ, ਉੱਚ-ਕਾਰਗੁਜ਼ਾਰੀ ਪ੍ਰੋਸੈਸਰਾਂ ਵਿੱਚ NPU ਸੰਖੇਪ ਦਾ ਅਰਥ ਕੀ ਹੈ?

(A) Neural Processing Unit / ਨਿਊਰਲ ਪ੍ਰੋਸੈਸਿੰਗ ਯੂਨਿਟ
(B) Network Processing Unit / ਨੈੱਟਵਰਕ ਪ੍ਰੋਸੈਸਿੰਗ ਯੂਨਿਟ
(C) Node Parsing Unit / ਨੋਡ ਪਾਰਸਿੰਗ ਯੂਨਿਟ
(D) Numerical Power Unit / ਨਿਊਮੇਰੀਕਲ ਪਾਵਰ ਯੂਨਿਟ

57. Hungarian novelist László Krasznahorkai was awarded the Nobel Prize in Literature 2025. Which famous debut novel established his international reputation? / ਹੰਗਰੀ ਦੇ ਨਾਵਲਕਾਰ ਲਾਸਲੋ ਕ੍ਰਾਸਨਾਹੋਰਕਾਈ ਨੂੰ ਸਾਹਿਤ ਦਾ ਨੋਬਲ ਪੁਰਸਕਾਰ 2025 ਦਿੱਤਾ ਗਿਆ। ਕਿਹੜੇ ਪ੍ਰਸਿੱਧ ਪਹਿਲੇ ਨਾਵਲ ਨੇ ਉਨ੍ਹਾਂ ਦੀ ਅੰਤਰਰਾਸ਼ਟਰੀ ਪ੍ਰਸਿੱਧੀ ਸਥਾਪਤ ਕੀਤੀ?

(A) War & War / ਵਾਰ ਐਂਡ ਵਾਰ
(B) The Melancholy of Resistance / ਦਿ ਮੇਲਨਕਲੀ ਆਫ਼ ਰੇਜ਼ਿਸਟੈਂਸ
(C) Satantango / ਸਾਤਾਨਤਾਂਗੋ
(D) Seiobo There Below / ਸੇਈਓਬੋ ਦੇਅਰ ਬਿਲੋ

58. Who among the following celebrated Punjabi poets wrote the classic epic poem *"Luna"* (*ਲੂਣਾ*), which won the Sahitya Akademi Award in 1967? / ਹੇਠ ਲਿਖੇ ਪ੍ਰਸਿੱਧ ਪੰਜਾਬੀ ਕਵੀਆਂ ਵਿੱਚੋਂ ਕਿਸ ਨੇ ਮਹਾਂਕਾਵਿ "ਲੂਣਾ" ਦੀ ਰਚਨਾ ਕੀਤੀ, ਜਿਸ ਨੂੰ 1967 ਵਿੱਚ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ?

(A) Pash (Avtar Singh Sandhu) / ਪਾਸ਼ (ਅਵਤਾਰ ਸਿੰਘ ਸੰਧੂ)
(B) Surjit Patar / ਸੁਰਜੀਤ ਪਾਤਰ
(C) Amrita Pritam / ਅੰਮ੍ਰਿਤਾ ਪ੍ਰੀਤਮ
(D) Shiv Kumar Batalvi / ਸ਼ਿਵ ਕੁਮਾਰ ਬਟਾਲਵੀ

59. Which one of the following pairs of revolutionary organisation/event and associated fact is NOT correctly matched? / ਕ੍ਰਾਂਤੀਕਾਰੀ ਸੰਗਠਨ/ਘਟਨਾ ਅਤੇ ਸੰਬੰਧਿਤ ਤੱਥ ਦੇ ਹੇਠ ਲਿਖੇ ਜੋੜਿਆਂ ਵਿੱਚੋਂ ਕਿਹੜਾ ਸਹੀ ਮੇਲ ਨਹੀਂ ਖਾਂਦਾ?

(A) Ghadar Party (1913) - founded at Lahore by returning Punjabi soldiers / ਗ਼ਦਰ ਪਾਰਟੀ (1913) - ਪਰਤ ਰਹੇ ਪੰਜਾਬੀ ਸੈਨਿਕਾਂ ਵੱਲੋਂ ਲਾਹੌਰ ਵਿਖੇ ਸਥਾਪਤ
(B) Hindustan Socialist Republican Association - founded at a meeting at Feroz Shah Kotla, Delhi, in 1928 / ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ - 1928 ਵਿੱਚ ਫ਼ਿਰੋਜ਼ ਸ਼ਾਹ ਕੋਟਲਾ, ਦਿੱਲੀ ਵਿਖੇ ਹੋਈ ਮੀਟਿੰਗ ਵਿੱਚ ਸਥਾਪਤ
(C) Kakori train action (1925) - Hindustan Republican Association / ਕਾਕੋਰੀ ਰੇਲ ਕਾਰਵਾਈ (1925) - ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ
(D) Chittagong Armoury Raid (1930) - Surya Sen / ਚਟਗਾਂਵ ਸ਼ਸਤਰਾਗਾਰ ਛਾਪਾ (1930) - ਸੂਰਿਆ ਸੇਨ

60. Bardoli Satyagraha of 1928 was primarily directed against: / 1928 ਦਾ ਬਾਰਦੋਲੀ ਸੱਤਿਆਗ੍ਰਹਿ ਮੁੱਖ ਤੌਰ 'ਤੇ ਕਿਸ ਵਿਰੁੱਧ ਸੇਧਿਤ ਸੀ:

(A) Forest restrictions / ਜੰਗਲਾਤ ਪਾਬੰਦੀਆਂ
(B) Forced cultivation of indigo / ਨੀਲ ਦੀ ਜਬਰੀ ਖੇਤੀ
(C) Enhancement of land revenue / ਭੂਮੀ ਲਗਾਨ ਵਿੱਚ ਵਾਧਾ
(D) Abolition of village panchayats / ਪਿੰਡ ਪੰਚਾਇਤਾਂ ਦਾ ਖ਼ਾਤਮਾ

61. Which BRICS member-country Head of State did not attend the 18th BRICS Summit in New Delhi in September 2026? / ਸਤੰਬਰ 2026 ਵਿੱਚ ਨਵੀਂ ਦਿੱਲੀ ਵਿਖੇ ਹੋਏ 18ਵੇਂ ਬ੍ਰਿਕਸ ਸਿਖਰ ਸੰਮੇਲਨ ਵਿੱਚ ਕਿਸ ਬ੍ਰਿਕਸ ਮੈਂਬਰ-ਦੇਸ਼ ਦੇ ਰਾਜ ਮੁਖੀ ਨੇ ਸ਼ਿਰਕਤ ਨਹੀਂ ਕੀਤੀ?

(A) Anwar Ibrahim / ਅਨਵਰ ਇਬਰਾਹਿਮ
(B) Cyril Ramaphosa / ਸਿਰਿਲ ਰਾਮਾਫੋਸਾ
(C) Prabowo Subianto / ਪ੍ਰਬੋਵੋ ਸੁਬੀਆਂਤੋ
(D) Luiz Inácio Lula da Silva / ਲੁਈਜ਼ ਇਨਾਸੀਓ ਲੂਲਾ ਦਾ ਸਿਲਵਾ

62. Who became the first woman to head the Geological Survey of India (GSI)? / ਭਾਰਤੀ ਭੂ-ਵਿਗਿਆਨਕ ਸਰਵੇਖਣ (GSI) ਦੀ ਅਗਵਾਈ ਕਰਨ ਵਾਲੀ ਪਹਿਲੀ ਮਹਿਲਾ ਕੌਣ ਬਣੀ?

(A) Nandini Harinath / ਨੰਦਿਨੀ ਹਰੀਨਾਥ
(B) M. Vanitha / ਐੱਮ. ਵਨਿਤਾ
(C) Varsha Ashok Aglawe / ਵਰਸ਼ਾ ਅਸ਼ੋਕ ਅਗਲਾਵੇ
(D) Annapurni Subramaniam / ਅੰਨਪੂਰਣੀ ਸੁਬਰਾਮਣਿਅਮ

63. Which category of volatile computer memory acts as a high-speed buffer between the CPU and Primary RAM to minimize processor wait cycles? / ਕਿਹੜੀ ਕਿਸਮ ਦੀ ਅਸਥਿਰ (ਵੋਲੇਟਾਈਲ) ਕੰਪਿਊਟਰ ਮੈਮਰੀ CPU ਅਤੇ ਮੁੱਖ RAM ਵਿਚਕਾਰ ਤੇਜ਼-ਰਫ਼ਤਾਰ ਬਫ਼ਰ ਵਜੋਂ ਕੰਮ ਕਰਦੀ ਹੈ ਤਾਂ ਜੋ ਪ੍ਰੋਸੈਸਰ ਦੇ ਉਡੀਕ-ਚੱਕਰ ਘੱਟ ਕੀਤੇ ਜਾ ਸਕਣ?

(A) Flash Memory / ਫਲੈਸ਼ ਮੈਮਰੀ
(B) Cache Memory / ਕੈਸ਼ ਮੈਮਰੀ
(C) Read-Only Memory / ਰੀਡ-ਓਨਲੀ ਮੈਮਰੀ
(D) Secondary Memory / ਸੈਕੰਡਰੀ ਮੈਮਰੀ

64. Consider the following statements about language translators: / ਭਾਸ਼ਾ ਅਨੁਵਾਦਕਾਂ ਬਾਰੇ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ:

1. A compiler translates the entire source program into machine code before execution begins. / ਕੰਪਾਈਲਰ ਸਮੁੱਚੇ ਸਰੋਤ ਪ੍ਰੋਗਰਾਮ ਨੂੰ ਚੱਲਣ ਤੋਂ ਪਹਿਲਾਂ ਮਸ਼ੀਨ ਕੋਡ ਵਿੱਚ ਅਨੁਵਾਦ ਕਰਦਾ ਹੈ।
2. An interpreter translates and executes the program statement by statement. / ਇੰਟਰਪ੍ਰੇਟਰ ਪ੍ਰੋਗਰਾਮ ਨੂੰ ਕਥਨ-ਦਰ-ਕਥਨ ਅਨੁਵਾਦ ਕਰਕੇ ਚਲਾਉਂਦਾ ਹੈ।
3. A program that has been compiled must be recompiled every time it is run. / ਕੰਪਾਈਲ ਕੀਤੇ ਪ੍ਰੋਗਰਾਮ ਨੂੰ ਹਰ ਵਾਰ ਚਲਾਉਣ ਸਮੇਂ ਮੁੜ ਕੰਪਾਈਲ ਕਰਨਾ ਪੈਂਦਾ ਹੈ।

Which of the statements given above is/are correct? / ਉਪਰੋਕਤ ਕਥਨਾਂ ਵਿੱਚੋਂ ਕਿਹੜਾ/ਕਿਹੜੇ ਸਹੀ ਹੈ/ਹਨ?

(A) 1 and 2 only/ 1 ਅਤੇ 2 ਹੀ (B) 1 and 3 only/ 1 ਅਤੇ 3 ਹੀ (C) 1, 2 and 3/ 1,2 ਅਤੇ 3 ਹੀ (D) 2 and 3 only/ 2 ਅਤੇ 3 ਹੀ

65. A file is reported by the operating system as being exactly 2 MB in size, using binary (1 MB = 1024 KB, 1 kB = 1024 bytes) units. The size of the file in bytes is: / ਓਪਰੇਟਿੰਗ ਸਿਸਟਮ ਕਿਸੇ ਫ਼ਾਈਲ ਦਾ ਆਕਾਰ ਬਾਈਨਰੀ ਇਕਾਈਆਂ (1 MB = 1024 kB, 1 kB = 1024 ਬਾਈਟ) ਵਿੱਚ ਠੀਕ 2 MB ਦੱਸਦਾ ਹੈ। ਬਾਈਟਾਂ ਵਿੱਚ ਫ਼ਾਈਲ ਦਾ ਆਕਾਰ ਹੈ:

(A) 2097152 (B) 2000048 (C) 2000000 (D) 2048000

66. In the Excel formula =VLOOKUP(B2, D2:F20, 3, FALSE), what does the fourth argument FALSE specify? / Excel ਫਾਰਮੂਲੇ =VLOOKUP(B2, D2:F20, 3, FALSE) ਵਿੱਚ, ਚੌਥਾ ਆਰਗੂਮੈਂਟ FALSE ਕੀ ਦਰਸਾਉਂਦਾ ਹੈ?

(A) The search should look for an approximate match. / ਖੋਜ ਲਗਭਗ ਮੇਲ ਲੱਭੇ।
(B) The lookup value is a text string. / ਲੁੱਕਅੱਪ ਮੁੱਲ ਇੱਕ ਟੈਕਸਟ ਸਤਰ ਹੈ।
(C) The function should return an error if the table is unsorted. / ਜੇ ਸਾਰਣੀ ਕ੍ਰਮਬੱਧ ਨਾ ਹੋਵੇ ਤਾਂ ਫੰਕਸ਼ਨ ਗ਼ਲਤੀ ਵਾਪਸ ਕਰੇ।
(D) The search should look for an exact match. / ਖੋਜ ਬਿਲਕੁਲ ਸਹੀ ਮੇਲ ਲੱਭੇ।

67. In the Open Systems Interconnection (OSI) reference model, at which layer do IP addresses and routing protocols operate to transfer data packets across networks? / ਓਪਨ ਸਿਸਟਮਜ਼ ਇੰਟਰਕੁਨੈਕਸ਼ਨ (OSI) ਸੰਦਰਭ ਮਾਡਲ ਵਿੱਚ, ਨੈੱਟਵਰਕਾਂ ਵਿਚਕਾਰ ਡਾਟਾ ਪੈਕਟ ਭੇਜਣ ਲਈ IP ਪਤੇ ਅਤੇ ਰਾਊਟਿੰਗ ਪ੍ਰੋਟੋਕੋਲ ਕਿਸ ਪਰਤ 'ਤੇ ਕੰਮ ਕਰਦੇ ਹਨ?

(A) Transport Layer / ਟ੍ਰਾਂਸਪੋਰਟ ਪਰਤ
(B) Data Link Layer / ਡਾਟਾ ਲਿੰਕ ਪਰਤ
(C) Network Layer / ਨੈੱਟਵਰਕ ਪਰਤ
(D) Session Layer / ਸੈਸ਼ਨ ਪਰਤ

68. Which key combination is used in Microsoft Word to insert a Hard Page Break at the cursor position without pressing *Enter* repeatedly? / ਮਾਈਕ੍ਰੋਸਾਫ਼ਟ ਵਰਡ ਵਿੱਚ ਕਰਸਰ ਵਾਲੀ ਥਾਂ 'ਤੇ ਵਾਰ-ਵਾਰ Enter ਦਬਾਏ ਬਿਨਾਂ ਹਾਰਡ ਪੇਜ ਬ੍ਰੇਕ ਪਾਉਣ ਲਈ ਕਿਹੜਾ ਕੁੰਜੀ-ਸੁਮੇਲ ਵਰਤਿਆ ਜਾਂਦਾ ਹੈ?

(A) Ctrl + Enter
(B) Shift + Enter
(C) Alt + Enter
(D) Ctrl + Shift + Space

69. In Microsoft Excel, what type of cell reference is $C$5 when used inside a formula? / ਮਾਈਕ੍ਰੋਸਾਫ਼ਟ ਐਕਸਲ ਵਿੱਚ, ਫਾਰਮੂਲੇ ਅੰਦਰ ਵਰਤਿਆ ਜਾਣ 'ਤੇ $C$5 ਕਿਸ ਕਿਸਮ ਦਾ ਸੈੱਲ ਸੰਦਰਭ ਹੈ?

(A) Mixed Reference / ਮਿਸ਼ਰਿਤ ਸੰਦਰਭ
(B) Dynamic Reference / ਗਤੀਸ਼ੀਲ ਸੰਦਰਭ
(C) Relative Reference / ਸਾਪੇਖ ਸੰਦਰਭ
(D) Absolute Reference / ਨਿਰਪੇਖ ਸੰਦਰਭ

70. In MS PowerPoint, the primary purpose of the Slide Master is to: / ਐੱਮ.ਐੱਸ. ਪਾਵਰਪੁਆਇੰਟ ਵਿੱਚ, ਸਲਾਈਡ ਮਾਸਟਰ ਦਾ ਮੁੱਖ ਮੰਤਵ ਹੈ:

(A) display the speaker's notes during the presentation. / ਪੇਸ਼ਕਾਰੀ ਦੌਰਾਨ ਬੁਲਾਰੇ ਦੇ ਨੋਟ ਦਿਖਾਉਣਾ।
(B) rehearse timings for the slide show. / ਸਲਾਈਡ ਸ਼ੋਅ ਲਈ ਸਮਾਂ-ਅਭਿਆਸ ਕਰਨਾ।
(C) define fonts, colours, backgrounds and placeholder positions that apply consistently to all slides based on it. / ਫ਼ੌਂਟ, ਰੰਗ, ਪਿਛੋਕੜ ਅਤੇ ਪਲੇਸਹੋਲਡਰ ਸਥਿਤੀਆਂ ਪਰਿਭਾਸ਼ਿਤ ਕਰਨਾ ਜੋ ਇਸ 'ਤੇ ਆਧਾਰਿਤ ਸਾਰੀਆਂ ਸਲਾਈਡਾਂ 'ਤੇ ਇੱਕਸਾਰ ਲਾਗੂ ਹੋਣ।
(D) convert the presentation into a video file. / ਪੇਸ਼ਕਾਰੀ ਨੂੰ ਵੀਡੀਓ ਫ਼ਾਈਲ ਵਿੱਚ ਬਦਲਣਾ।

71. Which micro-region of ancient Punjab, situated between the Jhelum and Indus rivers, was historically known for the ancient salt-mining range and the central city of Taxila? / ਪ੍ਰਾਚੀਨ ਪੰਜਾਬ ਦਾ ਕਿਹੜਾ ਸੂਖਮ-ਖੇਤਰ, ਜੋ ਜਿਹਲਮ ਅਤੇ ਸਿੰਧ ਦਰਿਆਵਾਂ ਵਿਚਕਾਰ ਸਥਿਤ ਹੈ, ਪ੍ਰਾਚੀਨ ਲੂਣ-ਖਾਣ ਪਰਬਤ ਲੜੀ ਅਤੇ ਕੇਂਦਰੀ ਸ਼ਹਿਰ ਤਕਸ਼ਿਲਾ ਲਈ ਇਤਿਹਾਸਕ ਤੌਰ 'ਤੇ ਜਾਣਿਆ ਜਾਂਦਾ ਸੀ?

(A) Majha / ਮਾਝਾ
(B) Sindh Sagar Doab / ਸਿੰਧ ਸਾਗਰ ਦੁਆਬ
(C) Doaba / ਦੁਆਬਾ
(D) Chaj Doab / ਚੱਜ ਦੁਆਬ

72. During medieval Punjab, the community of skilled artisans specializing in the craft of lac expression on wood (lacquerwork) were traditionally called: / ਮੱਧਕਾਲੀ ਪੰਜਾਬ ਵਿੱਚ, ਲੱਕੜ ਉੱਤੇ ਲਾਖ ਦੇ ਕੰਮ (ਲੈਕਰਵਰਕ) ਵਿੱਚ ਮਾਹਰ ਹੁਨਰਮੰਦ ਕਾਰੀਗਰਾਂ ਦੇ ਭਾਈਚਾਰੇ ਨੂੰ ਰਵਾਇਤੀ ਤੌਰ 'ਤੇ ਕੀ ਕਿਹਾ ਜਾਂਦਾ ਸੀ:

(A) Thatheras / ਠਠੇਰੇ
(B) Kharadis / ਖਰਾਦੀ
(C) Atishbaz / ਆਤਿਸ਼ਬਾਜ਼
(D) Chhimbas / ਛੀਂਬੇ

73. The famous traditional Punjabi folk art technique of *Phulkari* featuring dense, continuous embroidery where the background fabric is completely hidden is called: / ਫੁਲਕਾਰੀ ਦੀ ਉਹ ਪ੍ਰਸਿੱਧ ਰਵਾਇਤੀ ਪੰਜਾਬੀ ਲੋਕ-ਕਲਾ ਤਕਨੀਕ, ਜਿਸ ਵਿੱਚ ਸੰਘਣੀ ਤੇ ਲਗਾਤਾਰ ਕਢਾਈ ਨਾਲ ਪਿਛੋਕੜ ਵਾਲਾ ਕੱਪੜਾ ਪੂਰੀ ਤਰ੍ਹਾਂ ਢੱਕ ਜਾਂਦਾ ਹੈ, ਨੂੰ ਕੀ ਕਿਹਾ ਜਾਂਦਾ ਹੈ:

(A) Chope / ਚੋਪ
(B) Sainchi / ਸੈਂਚੀ
(C) Bagh / ਬਾਗ਼
(D) Subhar / ਸੁੱਭਰ

74. Which Sufi order (*Silsila*) had its primary center established at Multan by Sheikh Baha-ud-din Zakariya? / ਕਿਹੜੇ ਸੂਫ਼ੀ ਸਿਲਸਿਲੇ ਦਾ ਮੁੱਖ ਕੇਂਦਰ ਸ਼ੇਖ਼ ਬਹਾਉ-ਉਦ-ਦੀਨ ਜ਼ਕਰੀਆ ਨੇ ਮੁਲਤਾਨ ਵਿਖੇ ਸਥਾਪਤ ਕੀਤਾ?

(A) Suhrawardi Order / ਸੁਹਰਾਵਰਦੀ ਸਿਲਸਿਲਾ
(B) Chishti Order / ਚਿਸ਼ਤੀ ਸਿਲਸਿਲਾ
(C) Naqshbandi Order / ਨਕਸ਼ਬੰਦੀ ਸਿਲਸਿਲਾ
(D) Qadiriyya Order / ਕਾਦਰੀ ਸਿਲਸਿਲਾ

75. The institution of *Masands* (representatives sent to collect tithes and spread teachings) was formally established by which Sikh Guru and later abolished by which Guru? / ਮਸੰਦਾਂ ਦੀ ਸੰਸਥਾ (ਦਸਵੰਧ ਇਕੱਠਾ ਕਰਨ ਅਤੇ ਸਿੱਖਿਆਵਾਂ ਦੇ ਪ੍ਰਚਾਰ ਲਈ ਭੇਜੇ ਜਾਂਦੇ ਪ੍ਰਤੀਨਿਧ) ਕਿਸ ਸਿੱਖ ਗੁਰੂ ਵੱਲੋਂ ਰਸਮੀ ਤੌਰ 'ਤੇ ਸਥਾਪਤ ਕੀਤੀ ਗਈ ਅਤੇ ਬਾਅਦ ਵਿੱਚ ਕਿਸ ਗੁਰੂ ਵੱਲੋਂ ਖ਼ਤਮ ਕੀਤੀ ਗਈ?

(A) Established by Guru Amar Das Ji; Abolished by Guru Teg Bahadur Ji / ਗੁਰੂ ਅਮਰਦਾਸ ਜੀ ਵੱਲੋਂ ਸਥਾਪਤ; ਗੁਰੂ ਤੇਗ਼ ਬਹਾਦਰ ਜੀ ਵੱਲੋਂ ਖ਼ਤਮ
(B) Established by Guru Ram Das Ji; Abolished by Guru Gobind Singh Ji / ਗੁਰੂ ਰਾਮਦਾਸ ਜੀ ਵੱਲੋਂ ਸਥਾਪਤ; ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਤਮ
(C) Established by Guru Angad Dev Ji; Abolished by Guru Har Rai Ji / ਗੁਰੂ ਅੰਗਦ ਦੇਵ ਜੀ ਵੱਲੋਂ ਸਥਾਪਤ; ਗੁਰੂ ਹਰਿ ਰਾਇ ਜੀ ਵੱਲੋਂ ਖ਼ਤਮ
(D) Established by Guru Arjan Dev Ji; Abolished by Guru Gobind Singh Ji / ਗੁਰੂ ਅਰਜਨ ਦੇਵ ਜੀ ਵੱਲੋਂ ਸਥਾਪਤ; ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਤਮ

76. The famous Treaty of Amritsar (1809) was signed between Maharaja Ranjit Singh and which representative of the British East India Company? / ਪ੍ਰਸਿੱਧ ਅੰਮ੍ਰਿਤਸਰ ਸੰਧੀ (1809) ਮਹਾਰਾਜਾ ਰਣਜੀਤ ਸਿੰਘ ਅਤੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਕਿਸ ਪ੍ਰਤੀਨਿਧ ਵਿਚਕਾਰ ਹੋਈ ਸੀ?

(A) Charles Metcalfe / ਚਾਰਲਸ ਮੇਟਕਾਫ਼
(B) Lord Dalhousie / ਲਾਰਡ ਡਲਹੌਜ਼ੀ
(C) John Lawrence / ਜਾਨ ਲਾਰੈਂਸ
(D) William Bentinck / ਵਿਲੀਅਮ ਬੈਂਟਿੰਕ

77. Who was the founder of Bhangi Misl, one of the Sikh confederacies?8 / ਸਿੱਖ ਮਿਸਲਾਂ ਵਿੱਚੋਂ ਇੱਕ, ਭੰਗੀ ਮਿਸਲ ਦਾ ਬਾਨੀ ਕੌਣ ਸੀ?

(A) Jassa Singh / ਜੱਸਾ ਸਿੰਘ
(B) Charat Singh / ਚੜ੍ਹਤ ਸਿੰਘ
(C) Chajja Singh / ਛੱਜਾ ਸਿੰਘ
(D) Jai Singh / ਜੈ ਸਿੰਘ

78. A khanqah in the context of medieval Punjab was primarily: / ਮੱਧਕਾਲੀ ਪੰਜਾਬ ਦੇ ਸੰਦਰਭ ਵਿੱਚ ਖ਼ਾਨਕਾਹ ਮੁੱਖ ਤੌਰ 'ਤੇ ਸੀ:

(A) a marketplace for agricultural commodities / ਖੇਤੀ ਜਿਣਸਾਂ ਦੀ ਮੰਡੀ
(B) a centre associated with Sufi spiritual and communal life / ਸੂਫ਼ੀ ਰੂਹਾਨੀ ਅਤੇ ਸਮੂਹਿਕ ਜੀਵਨ ਨਾਲ ਜੁੜਿਆ ਕੇਂਦਰ
(C) a military fortification / ਇੱਕ ਫ਼ੌਜੀ ਕਿਲ੍ਹਾਬੰਦੀ
(D) a royal taxation office / ਇੱਕ ਸ਼ਾਹੀ ਕਰ ਦਫ਼ਤਰ

79. Arrange the following in chronological order: / ਹੇਠ ਲਿਖਿਆਂ ਨੂੰ ਕਾਲਕ੍ਰਮ ਅਨੁਸਾਰ ਤਰਤੀਬ ਦਿਓ:

1. Compilation of the Adi Granth / ਆਦਿ ਗ੍ਰੰਥ ਦੀ ਸੰਪਾਦਨਾ
2. Foundation of the Khalsa / ਖ਼ਾਲਸੇ ਦੀ ਸਾਜਨਾ
3. Mughal annexation of Punjab under Akbar / ਅਕਬਰ ਅਧੀਨ ਪੰਜਾਬ ਦਾ ਮੁਗ਼ਲ ਰਾਜ ਵਿੱਚ ਰਲੇਵਾਂ
4. Afghan invasions under Ahmad Shah Abdali / ਅਹਿਮਦ ਸ਼ਾਹ ਅਬਦਾਲੀ ਅਧੀਨ ਅਫ਼ਗ਼ਾਨ ਹਮਲੇ

(A) 3-2-1-4
(B) 3-1-2-4
(C) 1-3-2-4
(D) 1-2-3-4

80. Which of the following figures' compositions are included in the Guru Granth Sahib? / ਹੇਠ ਲਿਖੀਆਂ ਸ਼ਖ਼ਸੀਅਤਾਂ ਵਿੱਚੋਂ ਕਿਨ੍ਹਾਂ ਦੀਆਂ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਹਨ?

1. Sant Kabir / ਸੰਤ ਕਬੀਰ 2. Sant Ravidas / ਸੰਤ ਰਵਿਦਾਸ 3. Baba Sheikh Farid / ਬਾਬਾ ਸ਼ੇਖ਼ ਫ਼ਰੀਦ 4. Sant Eknath / ਸੰਤ ਏਕਨਾਥ

Select the correct answer using the code below: / ਹੇਠਾਂ ਦਿੱਤੇ ਕੋਡ ਦੀ ਵਰਤੋਂ ਕਰਕੇ ਸਹੀ ਉੱਤਰ ਚੁਣੋ:

(A) 1 and 2 only/ 1 ਅਤੇ 2 ਹੀ
(B) 2, 3 and 4 only/ 2,3 ਅਤੇ 4 ਹੀ
(C) 1, 2 and 3 only/ 1,2 ਅਤੇ 3 ਹੀ
(D) 1, 2, 3 and 4/ 1,2,3 ਅਤੇ 4 ਹੀ

81. The Tripartite Treaty of 1838 involved: / 1838 ਦੀ ਤ੍ਰਿਪੱਖੀ ਸੰਧੀ ਵਿੱਚ ਸ਼ਾਮਲ ਸਨ:

(A) Ranjit Singh, the Marathas and the British / ਰਣਜੀਤ ਸਿੰਘ, ਮਰਾਠੇ ਅਤੇ ਅੰਗਰੇਜ਼
(B) Ranjit Singh, the British and Shah Shuja / ਰਣਜੀਤ ਸਿੰਘ, ਅੰਗਰੇਜ਼ ਅਤੇ ਸ਼ਾਹ ਸ਼ੁਜਾ
(C) Ranjit Singh, Amar Singh Thapa and the British / ਰਣਜੀਤ ਸਿੰਘ, ਅਮਰ ਸਿੰਘ ਥਾਪਾ ਅਤੇ ਅੰਗਰੇਜ਼
(D) Ranjit Singh, Dost Mohammad and the British / ਰਣਜੀਤ ਸਿੰਘ, ਦੋਸਤ ਮੁਹੰਮਦ ਅਤੇ ਅੰਗਰੇਜ਼

82. Which legislation provided the immediate background to the agrarian unrest associated with the Pagri Sambhal Jatta movement? / ਪਗੜੀ ਸੰਭਾਲ ਜੱਟਾ ਲਹਿਰ ਨਾਲ ਜੁੜੀ ਕਿਸਾਨੀ ਬੇਚੈਨੀ ਦਾ ਤਤਕਾਲੀ ਪਿਛੋਕੜ ਕਿਸ ਕਾਨੂੰਨ ਨੇ ਤਿਆਰ ਕੀਤਾ?

(A) Government of India Act, 1919 / ਭਾਰਤ ਸਰਕਾਰ ਐਕਟ, 1919
(B) Rowlatt Act, 1919 / ਰੌਲਟ ਐਕਟ, 1919
(C) Punjab Colonisation Bill, 1906 / ਪੰਜਾਬ ਬਸਤੀਕਰਨ ਬਿੱਲ, 1906
(D) Punjab Land Alienation Act, 1900 / ਪੰਜਾਬ ਭੂਮੀ ਵਿਰਕਤੀ ਐਕਟ, 1900

83. With reference to the "chos" of Punjab, consider the following statements: / ਪੰਜਾਬ ਦੇ "ਚੋਆਂ" ਦੇ ਸੰਦਰਭ ਵਿੱਚ, ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ:

1. Chos are seasonal torrents that descend from the Shivalik hills and are most numerous in Hoshiarpur district. / ਚੋਅ ਮੌਸਮੀ ਵਹਿਣ ਹਨ ਜੋ ਸ਼ਿਵਾਲਿਕ ਪਹਾੜੀਆਂ ਤੋਂ ਉਤਰਦੇ ਹਨ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਹਨ।
2. They are perennial, glacier-fed streams. / ਇਹ ਸਦਾ-ਵਹਿਣ ਵਾਲੇ, ਗਲੇਸ਼ੀਅਰ ਤੋਂ ਪਾਣੀ ਲੈਣ ਵਾਲੇ ਨਾਲੇ ਹਨ।
3. The Punjab Land Preservation Act, 1900 was enacted to check erosion in the Shivalik foothills by regulating grazing and the felling of trees. / ਪੰਜਾਬ ਭੂਮੀ ਸੰਭਾਲ ਐਕਟ, 1900 ਸ਼ਿਵਾਲਿਕ ਦੀਆਂ ਤਲਹਟੀਆਂ ਵਿੱਚ ਚਰਾਈ ਅਤੇ ਰੁੱਖਾਂ ਦੀ ਕਟਾਈ ਨੂੰ ਨਿਯਮਤ ਕਰਕੇ ਖੋਰੇ ਨੂੰ ਰੋਕਣ ਲਈ ਬਣਾਇਆ ਗਿਆ ਸੀ।

Which of the statements given above is/are correct? / ਉਪਰੋਕਤ ਕਥਨਾਂ ਵਿੱਚੋਂ ਕਿਹੜਾ/ਕਿਹੜੇ ਸਹੀ ਹੈ/ਹਨ?

(A) 1 and 2 only/ 1 ਅਤੇ 2 ਹੀ (B) 2 and 3 only/ 2 ਅਤੇ 3 ਹੀ (C) 1, 2 and 3/ 1,2 ਅਤੇ 3 ਹੀ (D) 1 and 3 only/ 1 ਅਤੇ 3 ਹੀ

84. With reference to the Battle of the Ten Kings (Dasharajna) described in the Rigveda, consider the following statements: / ਰਿਗਵੇਦ ਵਿੱਚ ਵਰਣਿਤ ਦਸ ਰਾਜਿਆਂ ਦੀ ਲੜਾਈ (ਦਾਸ਼ਰਾਜਨ) ਦੇ ਸੰਦਰਭ ਵਿੱਚ, ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ:

1. It was fought on the banks of the Parushni, the river now known as the Ravi. / ਇਹ ਪਰੁਸ਼ਣੀ, ਜਿਸ ਨੂੰ ਹੁਣ ਰਾਵੀ ਕਿਹਾ ਜਾਂਦਾ ਹੈ, ਦੇ ਕੰਢੇ ਲੜੀ ਗਈ ਸੀ।
2. The victorious king Sudas belonged to the Puru tribe. / ਜੇਤੂ ਰਾਜਾ ਸੁਦਾਸ ਪੁਰੂ ਕਬੀਲੇ ਨਾਲ ਸੰਬੰਧਿਤ ਸੀ।
3. Vasishtha acted as the priest of Sudas, while Vishvamitra was associated with the opposing confederacy. / ਵਸ਼ਿਸ਼ਟ ਸੁਦਾਸ ਦੇ ਪੁਰੋਹਿਤ ਸਨ, ਜਦਕਿ ਵਿਸ਼ਵਾਮਿੱਤਰ ਵਿਰੋਧੀ ਗਠਜੋੜ ਨਾਲ ਜੁੜੇ ਹੋਏ ਸਨ।

Which of the statements given above is/are correct? / ਉਪਰੋਕਤ ਕਥਨਾਂ ਵਿੱਚੋਂ ਕਿਹੜਾ/ਕਿਹੜੇ ਸਹੀ ਹੈ/ਹਨ?

(A) 1, 2 and 3/ 1,2 ਅਤੇ 3 ਹੀ (B) 1 and 3 only/ 1 ਅਤੇ 3 ਹੀ (C) 2 and 3 only/ 2 ਅਤੇ 3 ਹੀ (D) 1 and 2 only/ 1 ਅਤੇ 2 ਹੀ

85. Consider the following pairs of Punjabi "var" (heroic ballad) and its subject: / ਪੰਜਾਬੀ "ਵਾਰ" (ਬੀਰ-ਰਸੀ ਕਾਵਿ) ਅਤੇ ਉਸ ਦੇ ਵਿਸ਼ੇ ਦੇ ਹੇਠ ਲਿਖੇ ਜੋੜਿਆਂ 'ਤੇ ਵਿਚਾਰ ਕਰੋ:

1. Nadir Shah di Var by Najabat - the invasion of Nadir Shah / ਨਜਾਬਤ ਦੀ ਨਾਦਰ ਸ਼ਾਹ ਦੀ ਵਾਰ - ਨਾਦਰ ਸ਼ਾਹ ਦਾ ਹਮਲਾ
2. Jangnama by Shah Mohammad - the First Anglo-Sikh War / ਸ਼ਾਹ ਮੁਹੰਮਦ ਦਾ ਜੰਗਨਾਮਾ - ਪਹਿਲੀ ਐਂਗਲੋ-ਸਿੱਖ ਜੰਗ
3. Chandi di Var - the invasions of Ahmad Shah Abdali / ਚੰਡੀ ਦੀ ਵਾਰ - ਅਹਿਮਦ ਸ਼ਾਹ ਅਬਦਾਲੀ ਦੇ ਹਮਲੇ

Which of the pairs given above is/are correctly matched? / ਉਪਰੋਕਤ ਜੋੜਿਆਂ ਵਿੱਚੋਂ ਕਿਹੜਾ/ਕਿਹੜੇ ਸਹੀ ਮੇਲ ਖਾਂਦਾ/ਖਾਂਦੇ ਹੈ/ਹਨ?

(A) 1 and 3 only/ 1 ਅਤੇ 3 ਹੀ (B) 1, 2 and 3/ 1,2 ਅਤੇ 3 ਹੀ (C) 1 and 2 only/ 1 ਅਤੇ 2 ਹੀ (D) 2 and 3 only/ 2 ਅਤੇ 3 ਹੀ

86. Arrange the following battles of Guru Gobind Singh in correct chronological order: / ਗੁਰੂ ਗੋਬਿੰਦ ਸਿੰਘ ਜੀ ਦੀਆਂ ਹੇਠ ਲਿਖੀਆਂ ਜੰਗਾਂ ਨੂੰ ਸਹੀ ਕਾਲਕ੍ਰਮ ਵਿੱਚ ਤਰਤੀਬ ਦਿਓ:

1. Battle of Chamkaur / ਚਮਕੌਰ ਦੀ ਜੰਗ
2. Battle of Bhangani / ਭੰਗਾਣੀ ਦੀ ਜੰਗ
3. Battle of Muktsar (Khidrana) / ਮੁਕਤਸਰ (ਖਿਦਰਾਣਾ) ਦੀ ਜੰਗ
4. Battle of Nadaun / ਨਦੌਣ ਦੀ ਜੰਗ

(A) 4 - 2 - 1 - 3 (B) 2 - 4 - 1 - 3 (C) 4 - 2 - 3 - 1 (D) 2 - 4 - 3 – 1

87. The spiritual master and ideological initiator of Kuka Movement (Namdhari Movement) was: / ਕੂਕਾ ਲਹਿਰ (ਨਾਮਧਾਰੀ ਲਹਿਰ) ਦੇ ਅਧਿਆਤਮਕ ਗੁਰੂ ਅਤੇ ਵਿਚਾਰਧਾਰਕ ਮੋਢੀ ਸਨ:

(A) Bhagat Jawahar Mal / ਭਗਤ ਜਵਾਹਰ ਮੱਲ (B) Baba Balak Nath / ਬਾਬਾ ਬਾਲਕ ਨਾਥ
(C) Satguru Pratap Singh / ਸਤਿਗੁਰੂ ਪ੍ਰਤਾਪ ਸਿੰਘ (D) Baba Ram Singh / ਬਾਬਾ ਰਾਮ ਸਿੰਘ

88. ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ-ਜੋੜ ਕਿਹੜਾ ਹੈ?

(A) ਸੰਸਕ੍ਰਿਤੀ (B) ਸੰਸਕਿਰਤੀ (C) ਸੰਸਕਰਤੀ (D) ਸੰਸਕ੍ਰਿਤੀਅ

89. ਸਹੀ ਕਥਨਾਂ ਦੀ ਪਛਾਣ ਕਰੋ: 1. ਅਗੇਤਰ ਸ਼ਬਦ ਦੇ ਅਰਥ ਨੂੰ ਬਦਲ ਸਕਦਾ ਹੈ। 2. ਪਿਛੇਤਰ ਸ਼ਬਦ ਦੀ ਸ਼੍ਰੇਣੀ ਜਾਂ ਅਰਥ ਵਿੱਚ ਤਬਦੀਲੀ ਕਰ ਸਕਦਾ ਹੈ। 3. ਹਰ ਅਗੇਤਰ ਲੱਗਣ ਨਾਲ ਨਵਾਂ ਸ਼ਬਦ-ਭੇਦ ਜ਼ਰੂਰ ਬਣਦਾ ਹੈ।

(A) ਕੇਵਲ 1 (B) 1 ਅਤੇ 2 (C) 2 ਅਤੇ 3 (D) ਤਿੰਨੇ

90. ਹੇਠ ਲਿਖਿਆਂ ਵਿੱਚੋਂ ਕਿਸ ਸ਼ਬਦ ਸਮੂਹ ਵਿੱਚ ਮੂਲ ਸ਼ਬਦ, ਅਗੇਤਰੀ ਸ਼ਬਦ, ਪਿਛੇਤਰੀ ਸ਼ਬਦ ਦੀ ਕ੍ਰਮਵਾਰ ਵਰਤੋਂ ਮਿਲਦੀ ਹੈ?

(A) ਸਫਲ, ਅਸਫਲ, ਅਸਫਲਤਾ (B) ਸੁੰਦਰ, ਸੁੰਦਰਤਾ, ਅਸੁੰਦਰ (C) ਕਾਰ, ਕਾਰਵਾਈ, ਬੇਕਾਰ (D) ਧਨ, ਧਨਵਾਨ, ਧਨੀ

91. ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਨਹੀਂ ਹੈ?

(A) '-ਤਾ' ਨਾਲ ਅਕਸਰ ਭਾਵਵਾਚਕ ਨਾਂਵ ਬਣਦੇ ਹਨ। (B) '-ਵਾਨ' ਕਿਸੇ ਗੁਣ ਨਾਲ ਸੰਪੰਨ ਹੋਣ ਦਾ ਭਾਵ ਦੇ ਸਕਦਾ ਹੈ।
(C) 'ਬੇ-' ਹਰ ਸਥਿਤੀ ਵਿੱਚ ਕੇਵਲ ਭੂਤਕਾਲ ਦਾ ਭਾਵ ਦਿੰਦਾ ਹੈ। (D) '-ਪਨ' ਅਵਸਥਾ ਜਾਂ ਗੁਣ ਦਾ ਭਾਵ ਦੇ ਸਕਦਾ ਹੈ।

92. ਕਥਨ (1): 'ਸੁਚੇਤ' ਦਾ ਸ਼ੁੱਧ ਵਿਰੋਧਾਰਥਕ ਸ਼ਬਦ 'ਅਚੇਤ' ਹੁੰਦਾ ਹੈ। ਕਥਨ (2): 'ਆਸਤਿਕ' ਦਾ ਸਹੀ ਵਿਰੋਧਾਰਥਕ ਸ਼ਬਦ 'ਧਰਮੀ' ਮੰਨਿਆ ਜਾਂਦਾ ਹੈ।

(A) ਕੇਵਲ 1 ਸਹੀ ਹੈ (B) ਕੇਵਲ 2 ਸਹੀ ਹੈ (C) ਦੋਵੇਂ ਹੀ ਸਹੀ ਹਨ (D) ਦੋਵੇਂ ਗਲਤ ਹਨ

93. ਭਾਵ-ਵਾਚਕ ਨਾਂਵਾਂ ਦੇ ਨਿਰਮਾਣ ਦੇ ਸੰਦਰਭ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਜੋੜਾ ਵਿਸ਼ੇਸ਼ਣ ਤੋਂ ਨਾਂਵ ਬਣਨ ਦੀ ਸਹੀ ਉਦਾਹਰਨ ਨਹੀਂ ਹੈ?

(A) ਚਲਾਕ – ਚਲਾਕੀ (B) ਉਦਾਸ – ਉਦਾਸੀ (C) ਪੜ੍ਹਨਾ – ਪੜ੍ਹਾਈ (D) ਗਰਮ - ਗਰਮੀ

94. ਹੇਠਾਂ ਲਿਖੇ ਵਾਕਾਂ ਵਿੱਚੋਂ ਕਿਸ ਵਾਕ ਵਿੱਚ ਇਕੱਠ-ਵਾਚਕ ਨਾਂਵ ਕਰਤਾ ਦੇ ਤੌਰ 'ਤੇ ਕਾਰਜ ਕਰ ਰਿਹਾ ਹੈ?

(A) ਕਮੇਟੀ ਨੇ ਸਰਬਸੰਮਤੀ ਨਾਲ ਨਵਾਂ ਮਤਾ ਪਾਸ ਕੀਤਾ। (B) ਪਿੰਡ ਦੇ ਬਜ਼ੁਰਗਾਂ ਨੇ ਨਹਿਰ ਦੇ ਕੰਢੇ ਰੁੱਖ ਲਗਾਏ।
(C) ਕਿਸਾਨਾਂ ਨੇ ਖੇਤ ਵਿੱਚੋਂ ਪੱਥਰ ਬਾਹਰ ਕੱਢ ਦਿੱਤੇ। (D) ਅਧਿਆਪਕ ਨੇ ਜਮਾਤ ਵਿੱਚ ਸੁੰਦਰ ਕਵਿਤਾ ਸੁਣਾਈ।

95. ਹੇਠ ਲਿਖੇ ਵਾਕਾਂ ਵਿੱਚੋਂ ਅਨਿਸ਼ਚੇ-ਵਾਚਕ ਪੜਨਾਂਵ ਵਾਲਾ ਵਾਕ ਚੁਣੋ।

(A) ਕੁਝ ਬਾਹਰ ਉਡੀਕ ਕਰ ਰਹੇ ਹਨ। (B) ਇਹ ਵਿਦਿਆਰਥੀ ਬਹੁਤ ਮਿਹਨਤੀ ਹੈ।
(C) ਉਹ ਆਪਣੀ ਕਿਤਾਬ ਪੜ੍ਹ ਰਿਹਾ ਹੈ। (D) ਜੋ ਮਿਹਨਤ ਕਰਦਾ ਹੈ, ਉਹ ਸਫਲ ਹੁੰਦਾ ਹੈ।

96. ਵਾਕ: "ਦਰਵਾਜ਼ੇ ਉੱਤੇ ਕੋਈ ਖੜ੍ਹਾ ਹੈ, ਪਰ ਮੈਨੂੰ ਕੁਝ ਦਿਖਾਈ ਨਹੀਂ ਦਿੰਦਾ।" ਇਸ ਵਾਕ ਵਿੱਚ ਲਕੀਰੇ ਸ਼ਬਦਾਂ ਦਾ ਕ੍ਰਮਵਾਰ ਸਹੀ ਵਿਆਕਰਨਿਕ ਸਰੂਪ ਕੀ ਹੈ?

(A) ਪਹਿਲਾ ਪ੍ਰਸ਼ਨ-ਵਾਚਕ ਪੜਨਾਂਵ ਹੈ, ਦੂਜਾ ਨਿਜ-ਵਾਚਕ ਪੜਨਾਂਵ
(B) ਪਹਿਲਾ ਨਿਸ਼ਚੇ-ਵਾਚਕ ਪੜਨਾਂਵ ਹੈ, ਦੂਜਾ ਅਨਿਸ਼ਚੇ-ਵਾਚਕ ਪੜਨਾਂਵ
(C) ਦੋਵੇਂ ਹੀ ਅਨਿਸ਼ਚੇ-ਵਾਚਕ ਪੜਨਾਂਵ ਹਨ
(D) ਦੋਵੇਂ ਅਨਿਸ਼ਚੇ-ਵਾਚਕ ਸੰਖਿਆਤਮਕ ਵਿਸ਼ੇਸ਼ਣ ਹਨ

97. ਹੇਠ ਲਿਖੇ ਕਥਨਾਂ ਵਿੱਚੋਂ ਕਿਹੜਾ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਅਤੇ 'ਜਿਹੜਾ ਬੀਜੇ ਸੋ ਲੁਣੇ' ਦੇ ਅਰਥਾਂ ਵਿੱਚ ਸਹੀ ਅੰਤਰ ਦਰਸਾਉਂਦਾ ਹੈ?

(A) ਪਹਿਲਾ ਆਪਣੇ ਪੈਦਾ ਕੀਤੇ ਸੰਕਟ ਤੋਂ ਨਾ ਨਿਕਲ ਸਕਣ ਅਤੇ ਦੂਜਾ ਆਪਣੇ ਕਰਮਾਂ ਦੇ ਫਲ ਭੁਗਤਣ ਨਾਲ ਸੰਬੰਧਿਤ ਹੈ।
(B) ਪਹਿਲਾ ਮਿਹਨਤ ਦੀ ਮਹੱਤਤਾ ਅਤੇ ਦੂਜਾ ਸਮੇਂ ਦੀ ਮਹੱਤਤਾ ਦੱਸਦਾ ਹੈ।
(C) ਪਹਿਲਾ ਦੂਜਿਆਂ ਦੀ ਸਹਾਇਤਾ ਅਤੇ ਦੂਜਾ ਦੂਜਿਆਂ ਨਾਲ ਵੈਰ ਦਾ ਭਾਵ ਦਿੰਦਾ ਹੈ।
(D) ਦੋਵੇਂ ਸਿਰਫ਼ ਆਰਥਿਕ ਨੁਕਸਾਨ ਦੇ ਸੰਦਰਭ ਵਿੱਚ ਵਰਤੇ ਜਾਂਦੇ ਹਨ।

98. "ਉਸ ਨੇ ਆਪਣੇ ਸਹਿਕਰਮੀ ਦੀ ਤਰੱਕੀ ਰੋਕਣ ਲਈ ਮੈਨੇਜਰ ਕੋਲ ਉਸ ਬਾਰੇ ਝੂਠੀਆਂ ਅਤੇ ਨਕਾਰਾਤਮਕ ਗੱਲਾਂ ਕੀਤੀਆਂ।" ਇਸ ਕਥਨ ਲਈ ਸਭ ਤੋਂ ਢੁਕਵਾਂ ਮੁਹਾਵਰਾ ਕਿਹੜਾ ਹੈ?

(A) ਕੰਨ ਭਰਨਾ
(B) ਦੰਦ ਖੱਟੇ ਕਰਨਾ
(C) ਚਾਰ ਚੰਨ ਲਾਉਣਾ
(D) ਸਿਰ 'ਤੇ ਕਫ਼ਨ ਬੰਨ੍ਹਣਾ

99. "I wish I had listened to your advice." ਦਾ ਸਹੀ ਅਨੁਵਾਦ ਹੈ—

(A) ਕਾਸ਼! ਮੈਂ ਤੇਰੀ ਸਲਾਹ ਮੰਨ ਲਈ ਹੁੰਦੀ।
(B) ਮੈਂ ਤੇਰੀ ਸਲਾਹ ਮੰਨਣਾ ਚਾਹੁੰਦਾ ਹਾਂ।
(C) ਮੈਂ ਤੇਰੀ ਸਲਾਹ ਮੰਨ ਰਿਹਾ ਸੀ।
(D) ਮੈਂ ਤੇਰੀ ਸਲਾਹ ਜ਼ਰੂਰ ਮੰਨਾਂਗਾ।

100. 'ਇਸਤਰੀਆਂ ਵੱਲੋਂ ਅੰਗੂਠੇ ਵਿੱਚ ਪਾਇਆ ਜਾਣ ਵਾਲਾ ਗਹਿਣਾ ਜਿਸ ਵਿੱਚ ਸ਼ੀਸ਼ਾ ਜੜਿਆ ਹੁੰਦਾ ਹੈ' ਲਈ ਵਰਤਿਆ ਜਾਣ ਵਾਲਾ ਸ਼ਬਦ:

(A) ਮੇਦਨਾ
(B) ਆਰਫ਼
(C) ਆਰਸੀ
(D) ਆਰਜਾ